ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ, ਸੋ ਕਹੀਅਤ ਹੈ ਸੂਰਾ ॥




# "...RA" MONTHLY

ਪ੍ਰਤੀ ਕਾਪੀ 50 ਪੈਸੇ

## ਹੋਲੀ ਕੀਨੀ ਸੰਤ ਸੇਵ

ਆਜੁ ਹਮਾਰੈ ਬਨੇ ਫਾਗ ॥
ਪ੍ਰਭ ਸੰਗੀ ਮਿਲਿ ਖੇਲਨ ਲਾਗ ॥
ਹੋਲੀ ਕੀਨੀ ਸੰਤ ਸੇਵ ॥
ਰੰਗੁ ਲਾਗਾ ਅਤਿ ਲਾਲ ਦੇਵ ॥੨॥

(ਬਸੰਤੁ ਮਹਲਾ ੫ ਘਰੁ ੧ ਦੁਤੁਕੇ)

ਪ੍ਰਕਾਸ਼ਕ–ਅਖੰਡ ਕੀਰਤਨੀ ਜੱਥਾ

ਪਟਿਆਲਾ

www.AKJ.Org

www.AKJ.org

www.AKJ.Org

੧ ਓ ਵਾਹਿਗੁਰੂ ਜੀ ਕੀ ਫਤਹਿ ॥

ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ ॥

## ਗੁਰਮਤਿ ਪ੍ਰਚਾਰਕ ਮਾਸਿਕ ਪੱਤਰ—

# ਸੂਰਾ

## (ਸ੍ਰੀ ਅੰਮ੍ਰਿਤਸਰ)

ਜਿਲਦ ਨੰ: ੧ ਅੰਕ ਨੰ: ੨

ਚੰਦਾ ਸਾਲਾਨਾ— ਦੇਸ ਪੰਜ ਰੁਪੈ
ਪ੍ਰਦੇਸ ਸਤ ਰੁਪੈ

ਐਡੀਟਰ
ਗਿ: ਜਸਵੰਤ ਸਿੰਘ ਬੀ. ਏ. ਬੀ. ਟੀ.

ਸਲਾਹਕਾਰ ਬੋਰਡ
ਭਾ: ਜੋਗਿੰਦਰ ਸਿੰਘ
ਭਾ: ਮਹਿੰਦਰ ਸਿੰਘ
ਭਾ: ਸੇਵਾ ਸਿੰਘ
ਭਾ: ਅਜੀਤ ਸਿੰਘ

ਮਾਰਚ ੧੯੬੬ ਫਗਣ ੪੯੭ ਨਾਨਕ ਸ਼ਾਹੀ

ਪ੍ਰਭਜੋਤ ਪ੍ਰਿੰਟਿੰਗ ਪ੍ਰੈਸ ਬਹਾਦਰ ਨਗਰ ਅੰਮ੍ਰਿਤਸਰ ਤੋਂ ਅਖੰਡ ਕੀਰਤਨੀ ਜੱਥਾ ਪਟਿਆਲਾ ਲਈ ਜਸਬੀਰ ਸਿੰਘ 'ਬੀਰ' ਪ੍ਰਿੰਟਰ ਤੇ ਪਬਲਿਸ਼ਰ ਨੇ ਛਪਵਾ ਕੇ ਦਫਤਰ "ਸੂਰਾ" ਬਜ਼ਾਰ ਮਾਈ ਸੇਵਾਂ ਅੰਮ੍ਰਿਤਸਰ ਤੋਂ ਪ੍ਰਕਾਸ਼ਿਤ ਕੀਤਾ।

www.AKJ.Org

# ਲੇਖ–ਸੂਚੀ


| ਸੰਪਾਦਕੀ | ਪੰਨਾ | ਲੇਖਕ |
|---|---|---|
| ਦਸ਼ਮੇਸ਼ ਪਿਤਾ ਦੇ ਪਾਵਨ ਸ਼ਸਤਰ | ੩ | ਮੈਨੇਜਰ |
| ਹੋਲੀ ਕੀਨੀ ਸੰਤ ਸੇਵ | ੫ | ਐਡੀਟਰ |
| ਸ਼ਸ਼ਤਰਾਂ ਦਾ ਅਦਬ (ਲੇਖ) | ੧੧ | ਭਾ: ਸਾਹਿਬ ਰਣਧੀਰ ਸਿੰਘ |
| ਆਚਰਣ ਉਸਾਰੀ ਵਿਚ ਦਸ਼ਮੇਸ਼ ਜੀ ਦੀ ਦੇਣ | ੧੪ | ਪ੍ਰੋ: ਸਾਹਿਬ ਸਿੰਘ |
| ਪੰਥ ਦੇ ਵਾਲੀ (੧) | ੧੭ | ਭਾਈ ਰਣਜੀਤ ਸਿੰਘ |
| ਹੋਲਾ ਮਹਲਾ | ੨੩ | ਭਾਈ ਰਣਜੀਤ ਸਿੰਘ |
| ਦਸਮ ਸ਼ਸ਼ਤਰ | ੨੯ | ਭਾਈ ਗੁਰਮੁਖ ਸਿੰਘ |
| ਪਾਠ ਕਰਨ ਵਿਚ ਪਰਚਲਤ ਭੁੱਲਾਂ | ੩੧ | ਭਾਈ ਸੇਵਾ ਸਿੰਘ |
| ਜ਼ਰੂਰੀ ਬੇਨਤੀ | ੩੬ | ਭਾਈ ਮਹਿੰਦਰ ਸਿੰਘ |
| ਕੀਰਤਨ ਸਮਾਗਮ | ੩੭ | |


---

(ਸਫਾ ੪ ਦੀ ਬਾਕੀ

ਜਦ ਕਮਲਾਗੜ੍ਹ ਫਤਹਿ ਕੀਤਾ ਤਾਂ ਇਹ ਬਰਛੀ ਉਥੋਂ ਉਸਦੇ ਕਬਜ਼ੇ ਵਿਚ ਆਈ।

ਲਾਰਡ ਡਲਹੌਜ਼ੀ, ਜੋ ਸ਼ਸਤਰ ਵਲੈਤ ਲੈ ਗਿਆ ਸੀ, ਉਹਨਾਂ ਵਿਚ ਸੁਨਹਿਰੀ ਚੱਕਰ ਦਾ ਜ਼ਿਕਰ ਨਹੀਂ ਹੈ ਉਸ ਵਲੋਂ ਦਿਤੀ ਲਿਸਟ ਵਿਚ ਸਰਬ ਲੋਹ ਦਾ ਚੱਕਰ ਜ਼ਰੂਰ ਹੈ। ਇਹ ਭੀ ਨਿਰਣੇ-ਜਨਕ ਗਲ ਹੈ ਕਿ ਕੀ ਸਤਿਗੁਰੂ ਜੀ ਦਾ ਸਰਬ ਲੋਹ ਦਾ ਚੱਕਰ ਵੀ ਅਜੇ ਵਲੈਤ ਹੀ ਤਾਂ ਨਹੀਂ ਪਿਆ ?

੧੧੭ ਸਾਲ ਪਿਛੋਂ ਉਪਰੋਕਤ ਛੇ ਸ਼ਸਤਰ ਦਿਲੀ ਦੇ ਪਾਲਮ ਹਵਾਈ ਅਡੇ ਤੇ ਜਦੋਂ ਖਾਸ ਹਵਾਈ ਜਹਾਜ਼ ਰਾਹੀਂ ੧ ਜਨਵਰੀ ੧੯੬੬ ਨੂੰ ਪੁਜੇ ਤਾਂ ਲਖਾਂ ਹੀ ਲੋਕਾਂ ਨੇ 'ਬੋਲੇ ਸੋ ਨਿਹਾਲ ਸਤਿ ਸ੍ਰੀ ਅਕਾਲ' ਦੇ ਅਕਾਸ਼ ਗੁਜਾਊ ਨਾਹਰਿਆਂ ਨਾਲ ਉਹਨਾਂ ਦਾ ਸਵਾਗਤ ਕੀਤਾ।

ਇਹਨਾਂ ਪਵਿਤਰ ਸ਼ਸਤਰਾਂ ਦਾ ਸਾਰੇ ਪੰਜਾਬ ਵਿਚ ਬੇਮਿਸਾਲ ਸੁਆਗਤ ਕੀਤਾ ਗਿਆ ਹੈ। ਕਦੇ ਹੋਲੇ ਮਹਲੇ ਦੇ ਮੌਕੇ ਤੇ ਸ੍ਰੀ ਕਲਗੀਧਰ ਪਿਤਾ ਜੀ ਦੇ ਦਰਸ਼ਨਾਂ ਲਈ ਹਜ਼ਾਰਾਂ ਸੰਗਤਾਂ ਜੁੜਦੀਆਂ ਸਨ। ਅੱਜ ਇਥੇ ਸਤਿਗੁਰੂ ਜੀ ਦੇ ਸ਼ਸਤਰਾਂ ਦਾ ਸੁਆਗਤ ਹੋਏਗਾ।

ਨੋਟ :–ਇਸ ਲੇਖ ਲਈ ਧਰਮ ਪ੍ਰਚਾਰ ਕਮੇਟੀ ਵਲੋਂ ਛਪੇ ਟਰੈਕਟ 'ਪਾਵਨ ਸ਼ਸਤਰਾਂ' ਤੋਂ ਧੰਨਵਾਦ ਸਾਹਿਤ ਖੁਲ੍ਹੀ ਸਹਾਇਤਾ ਲਈ ਗਈ ਹੈ।

(ਮੈਨੇਜਰ)

www.AKJ.Org

ਸੰਪਾਦਕੀ–੧

# ਦਸ਼ਮੇਸ਼ ਪਿਤਾ ਦੇ ਪਾਵਨ ਸ਼ਸਤਰ

੧ ਜਨਵਰੀ ੧੯੬੬ ਦਾ ਸੁਭਾਗਾ ਦਿਨ ਹਿੰਦੁਸਤਾਨ ਦੇ ਇਤਿਹਾਸ ਵਿਚ ਹਮੇਸ਼ਾਂ ਯਾਦ ਰਹੇਗਾ ਜਦੋਂ ਸੰਤ-ਸਿਪਾਹੀ, ਧਰਮ ਰਖਸ਼ਕ, ਦਸਮੇਸ਼ ਪਿਤਾ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਛੇ ਪਾਵਨ ਸ਼ਸਤਰ ੧੧੭ ਸਾਲਾਂ ਬਾਦ ਵਿਦੇਸ਼ੀਆਂ ਦੇ ਹਥਾਂ ਵਿਚੋਂ ਵਾਪਸ ਹਿੰਦੁਸਤਾਨ ਆਏ ਅਤੇ ਉਹਨਾਂ ਦਾ ਆਲੀਸ਼ਾਨ ਤੇ ਬੇਮਿਸਾਲ ਸੁਆਗਤ ਕੀਤਾ ਗਿਆ।

ਜਦੋਂ ਸਿਖ ਰਾਜ ਦੇ ਅੰਤ ਤੇ ਸੰਨ ੧੮੪੯ ਵਿਚ ਲਾਹੌਰ ਦੇ ਤੋਸ਼ੇਖ਼ਾਨੇ ਤੇ ਅੰਗਰੇਜ਼ਾਂ ਦਾ ਕਬਜ਼ਾ ਹੋਇਆ ਤਾਂ ਉਥੋਂ ਦੇ ਸਾਮਾਨ ਦੀਆਂ ਸੂਚੀਆਂ ਤਿਆਰ ਕਰਵਾਈਆਂ ਗਈਆਂ। ਜਿਹਨਾਂ ਵਿਚ ਲਾਹੌਰ ਦਰਬਾਰ ਦੇ ਮਿਸਰ ਮੇਘ ਰਾਜ ਨੇ ਗੁਰੂ ਸਾਹਿਬ ਦੀਆਂ ਪਵਿਤ੍ਰ ਵਸਤੂਆਂ ਦਾ ਹੇਠ ਲਿਖੇ ਅਨੁਸਾਰ ਵੇਰਵਾ ਦਿਤਾ :–

੧. ਸ਼ਮਸ਼ੇਰ (ਤਲਵਾਰ), ੨. ਢਾਲ, ੩. ਦਾਇ ਆਹਿਨੀ, ੪. ਨੇਜ਼ਾ, ੫. ਸਰਬ ਲੋਹ ਦਾ ਚੱਕਰ, ੬. ਤੇਗ਼ਾ, ੭. ਕੱਚ ਦੀ ਕਲਗੀ, ੮. ਬਰਛੀ, ੯. ਬਰਛਾ।

ਜਦੋਂ ਅੰਗਰੇਜ਼ਾਂ ਨੇ ਪੰਜਾਬ ਤੇ ਕਬਜ਼ਾ ਕਰ ਲਿਆ ਤਾਂ ਉਸ ਵੇਲੇ ਦਾ ਵਾਇਸਰਾਇ ਲਾਰਡ ਡਲਹੌਜ਼ੀ ਈਸਟ ਇੰਡੀਆ ਕੰਪਨੀ ਤੋਂ ਇਜਾਜ਼ਤ ਪ੍ਰਾਪਤ ਕਰਕੇ ਸੰਨ ੧੮੫੧ ਵਿਚ ਨੌਂ ਸ਼ਸਤ੍ਰਾਂ ਵਿਚੋਂ ਅਠ ਸ਼ਸਤਰ ਆਪਣੇ ਨਾਲ ਇੰਗਲੈਂਡ ਲੈ ਗਿਆ। ਇਕ ਸ਼ਸਤਰ ਕਿਰਪਾਨ (ਤਲਵਾਰ) ਈਸਟ ਇੰਡੀਆ ਕੰਪਨੀ ਦੇ ਡਾਇਰੈਕਟਰਾਂ ਨੇ ਰੀਕਾਰਡ ਆਫ਼ਿਸ ਵਿਚ ਭੇਜ ਦਿਤੀ।

ਸੰਨ ੧੯੪੪ ਵਿਚ ਸਿਖ ਨੈਸ਼ਨਲ ਕਾਲਜ ਲਾਹੌਰ ਦੇ ਰੀਸਰਚ ਸਕਾਲਰ ਸਰਦਾਰ ਸ਼ਮਸ਼ੇਰ ਸਿੰਘ 'ਅਸ਼ੋਕ' ਨੇ ਪਹਿਲੀ ਵਾਰ ਪੰਜਾਬ ਸਰਕਾਰ ਦੇ ਪੁਰਾਣੇ ਰੀਕਾਰਡਾਂ ਦੇ ਹਵਾਲੇ ਦੇ ਕੇ ਇਹਨਾਂ ਸ਼ਸਤਰਾਂ ਦੇ ਲਾਰਡ ਡਲਹੌਜ਼ੀ ਕੋਲ ਹੋਣ ਬਾਰੇ ਇਕ ਲੇਖ ਰੋਜ਼ਾਨਾ ਅਖਬਾਰਾਂ ਵਿਚ ਲਿਖਿਆ।

ਇਸ ਤਰ੍ਹਾਂ ਇਹਨਾਂ ਪਾਵਨ ਦਸਮ ਸ਼ਸਤਰਾਂ ਦੀ ਵਾਪਸੀ ਦੀ ਮੰਗ ਜ਼ੋਰ ਫੜ ਗਈ। ਅੰਤ ਭਾਰਤ ਦੇ ਵਿਦਿਆ ਮੰਤਰੀ ਮਿਸਟਰ ਛਾਗਲਾ ਤੇ ਭਾਰਤੀ ਹਾਈ ਕਮਿਸ਼ਨਰ, ਖਾਸ ਕਰ ਪ੍ਰਥਮ ਸਕੱਤਰ (First Secretary) ਸਰਦਾਰ ਮਨਜੀਤ ਸਿੰਘ ਨੇ ਸਿਰ ਤੋੜ ਕੋਸ਼ਿਸ਼ਾਂ ਕਰਕੇ ਲਾਰਡ ਡਲਹੌਜ਼ੀ ਦੇ ਖਾਨਦਾਨ ਦੀ ਲੇਡੀ ਐਡਿਥ ਬਰਾਊਨ ਲਿਡਜ਼ੇ ਪਾਸੋਂ ਇਹਨਾਂ ਅੱਠ ਸ਼ਸਤਰਾਂ ਵਿਚੋਂ ਹੇਠ ਲਿਖੇ ਛੇ ਸ਼ਸਤਰਾਂ ਦੀ ਵਾਪਸੀ ਵਿਚ ਸਫਲਤਾ ਪ੍ਰਾਪਤ ਕਰ ਲਈ।

www.AKJ.Org

(੧) ਸੁਨਹਿਰੀ ਚੱਕਰ–ਜਿਸ ਦੇ ਦੋਹੀਂ ਪਾਸੀਂ ਜਪੁਜੀ ਸਾਹਿਬ ਦੀਆਂ ੨੨ ਪਉੜੀਆਂ ਉਕਰੀਆਂ ਹੋਈਆਂ ਹਨ। ਇਸ ਦੀ ਦੌੜਾਈ ੧ ਫੁਟ ੧ ਇੰਚ ਤੇ ਘੇਰੇ ਦੀ ਵਿਚਲੀ ਚੌੜਾਈ ਲਗ ਭਗ ੧੧ ਇੰਚ ਹੈ। ਇੰਜ ਚੱਕਰ ਦੀ ਧਾਤ ਦੀ ਚੌੜਾਈ ਲਗ ਭਗ ਇਕ ਇੰਚ ਹੈ। ਕਿਹਾ ਜਾਂਦਾ ਹੈ ਕਿ ਇਹ ਚੱਕਰ ਅਟੱਕ ਦੇ ਅਸਥਾਨ ਤੇ ਇਕ ਅਕਾਲੀ ਸਿੰਘ ਨੇ ਮਹਾਰਾਜਾ ਰਣਜੀਤ ਸਿੰਘ ਨੂੰ ਪੇਸ਼ ਕੀਤਾ ਸੀ।

(੨) ਦਾਇ ਆਹਿਨੀ–ਇਸ ਦਾ ਫਲ ਤਾਂ ਕੁਹਾੜੀ ਵਾਂਗ ਹੈ ਪਰ ਉਪਰ ਕੰਨ ਜਿਹਾ ਬਣਿਆ ਹੋਇਆ ਹੈ। ਇਸ ਦੀ ਲੰਬਾਈ ਦੋ ਫੁਟ ਸਾਢੇ ਸਤ ਇੰਚ ਤੇ ਫਲ ਦੀ ਲੰਬਾਈ ਲਗ ਪਗ ੮ ਇੰਚ ਹੈ। ਇਹ ਹਥਿਆਰ ਜ਼ਰ੍ਹਾ ਬਕਤਰ ਕਟਣ ਲਈ ਹੁੰਦਾ ਹੈ। ਸਰਬ ਲੋਹ ਦਾ ਇਹ ਹਥਿਆਰ ਲਗ ਭਗ ਸੰਨ ੧੮੨੩-੨੪ ਈਸਵੀ ਵਿਚ ਮਹਾਰਾਜਾ ਰਣਜੀਤ ਸਿੰਘ ਨੂੰ ਇਕ ਪਹਾੜੀਏ ਨੇ ਲਿਆ ਕੇ ਦਿਤਾ ਸੀ।

(੩) ਸ਼ਮਸ਼ੀਰੇ ਤੇਗ :–ਇਹ ਦੋ ਧਾਰੀ ਤੇਗ਼ ਹੈ ਜੋ ਕਿ ਅਗੋਂ ਮੁੜੀ ਹੋਈ ਹੈ ਤੇ ਚੌੜੀ ਵੀ ਹੈ। ਇਸ ਦੀ ਲੰਬਾਈ ਇਕ ਫੁਟ ਸਾਢੇ ਦਸ ਇੰਚ ਹੈ। 'ਭਾਰਤੀ' ਨਾਮ ਦੇ ਇਕ ਸਜਣ ਨੇ ਇਹ ਸ਼ਸਤਰ ਮਹਾਰਾਜਾ ਰਣਜੀਤ ਸਿੰਘ ਨੂੰ ੨੫ ਮੱਘਰ ਸੰ: ੧੮੭੮ ਬਿ: ਮੁਤਾਬਿਕ ਸੰਨ ੧੮੨੧ ਨੂੰ ਲਿਆ ਕੇ ਦਿਤਾ।

(੪) ਬਰਛਾ :–ਜਿਸ ਦੀ ਕੁਲ ਲੰਬਾਈ ੯ ਫੁਟ ਇਕ ਇੰਚ ਹੈ ਤੇ ਇਸ ਦੇ ਅਗਲੇ ਫਲ ਦੀ ਲੰਬਾਈ ਲਗ ਪਗ ਡੇਢ ਫੁਟ ਹੈ। ਫਲ ਦੋਹੀਂ ਪਾਸੀਂ ਤਿਖਾ ਤੇ ਸਿਰੇ ਤੋਂ ਗੋਲ ਹੈ। ਖਾਲਸਾ ਫੌਜ ਨੇ ਜਦੋਂ ਜੰਮੂ ਉਪਰ ਚੜ੍ਹਾਈ ਕੀਤੀ ਤਾਂ ਇਹ ਸ਼ਸਤਰ ਉਥੋਂ ਉਹਨਾਂ ਦੇ ਕਬਜ਼ੇ ਵਿਚ ਆਇਆ।

(੫) ਢਾਲ :–ਇਹ ਗੈਂਡੇ ਦੀ ਖਲ ਦੀ ਢਾਲ ਹੈ ਜਿਸ ਦੀ ਚੌੜਾਈ ੧ ਫੁਟ ਸਾਢੇ ਚਾਰ ਇੰਚ ਹੈ, ਵਿਚਕਾਰੋਂ ਬੜੀ ਉਭਰਵੀਂ ਹੈ, ਲਗ ਪਗ ਸਤ ਇੰਚ ਡੂੰਘੀ ਹੈ। ਇਹ ਸ਼ਸਤਰ ੩੦ ਵਿਸਾਖ ਸੰਮਤ ੧੮੮੦ ਬਿਕਰਮੀ ਮੁਤਾਬਿਕ ਸੰਨ ੧੮੨੩ ਈ: ਨੂੰ ਪਿਸ਼ਾਵਰ ਨਿਵਾਸੀ ਦਇਆ ਸਿੰਘ ਨਾਮੀ ਸਜਣ ਨੇ ਮਹਾਰਾਜਾ ਰਣਜੀਤ ਸਿੰਘ ਨੂੰ ਪੇਸ਼ ਕੀਤਾ।

(੬) ਬਰਛੀ :–ਜਿਸ ਦੀ ਕੁਲ ਲੰਬਾਈ ੫ ਫੁਟ ੪ ਇੰਚ ਹੈ ਅਗੇ ਫਲ ਲਗ ਪਗ ੧ ਫੁਟ ਲੰਬਾ ਹੈ ਜੋ ਕਿ ਤਿੰਨ ਕੋਨਾ ਹੈ ਤੇ ਸਿਰੇ ਤੋਂ ਚੁੰਜਦਾਰ ਹੈ। ਇਹ ਸ਼ਸਤਰ ਪਹਿਲਾਂ ਕਮਲਾ ਗੜ੍ਹ (ਮੰਡੀ) ਦੇ ਰਾਜੇ ਪਾਸ ਸੀ ਜੋ ਇਸ ਦਾ ਬੜਾ ਮਾਣ ਸਤਿਕਾਰ ਕਰਦਾ ਸੀ। ਮਹਾਰਾਜਾ ਰਣਜੀਤ ਸਿੰਘ ਦੇ ਜਰਨੈਲ ਵੈਨਤੁਰਾ ਨੇ

(ਬਾਕੀ ਦੇਖੋ ਸਫਾ ਦੋ ਤੇ)

www.AKJ.Org

ਸੰਪਾਦਕੀ—੨

# ਹੋਲੀ ਕੀਨੀ ਸੰਤ ਸੇਵ

ਇਸ ਸਾਲ ਦੇ ਪਵਿਤਰ ਹੋਲੇ ਮਹੱਲੇ ਦੇ ਤਿਉਹਾਰ ਸਮੇਂ, ਜਦੋਂ ਕਿ ਪਾਠਕਾਂ ਦੇ ਕਰ ਕਮਲਾਂ ਵਿਚ ਇਹ ਪਰਚਾ ਪਹੁੰਚ ਰਿਹਾ ਹੈ, ਸਾਨੂੰ ਇਹ ਜਾਣ ਕੇ ਬੜੀ ਪ੍ਰਸੰਨਤਾ ਹੋ ਰਹੀ ਹੈ ਕਿ ਧਰਮ ਰਖਸ਼ਕ, ਦੁਸ਼ਟ ਦਮਨ, ਦਸ਼ਮੇਸ਼ ਪਿਤਾ ਜੀ ਦੇ ਪਵਿਤਰ ਸ਼ਸਤਰ ਇਕ ਸੌ ਸਤਾਰਾਂ ਸਾਲ ਪਿਛੋਂ ਵਿਦੇਸ਼ੀਆਂ ਦੇ ਹਥਾਂ ਵਿਚੋਂ ਨਿਕਲ ਕੇ ਸਿਖ ਕੌਮ ਦੇ ਸਪੁਰਦ ਹੋ ਗਏ ਹਨ। ਇਸ ਪਾਵਨ ਦਿਵਸ ਉਤੇ ਇਹ ਪਾਵਨ ਸ਼ਸਤਰ ਸ੍ਰੀ ਅਨੰਦਪੁਰ ਸਾਹਿਬ ਪੁਜ ਰਹੇ ਹਨ, ਇਸ ਲਈਂ ਅਸੀਂ ਪਾਠਕਾਂ ਨੂੰ ਲੱਖ ਲੱਖ ਵਧਾਈ ਦੇਂਦੇ ਹਾਂ।

ਦਸ਼ਮੇਸ਼ ਪਿਤਾ ਜੀ ਦੇ ਚੋਜ ਨਿਰਾਲੇ ਸਨ। ਉਸ ਮਰਦ ਅੰਗਮੜੇ ਨੇ ਸਾਡੀ ਸਦੀਆਂ ਦੀ ਗੁਲਾਮ ਹੋਈ ਜ਼ਹਨੀਅਤ ਨੂੰ ਜੜ੍ਹੋਂ ਉਖੇੜਨ ਲਈ ਅਨੇਕਾਂ ਨਿਰਾਲੇ ਕੌਤਕ ਰਚੇ। ਉਨ੍ਹਾਂ ਦੀ ਉਪਮਾ ਵਿਚ ਰਚੇ ਇਕ ਮੁਸਲਮਾਨ ਉਰਦੂ ਕਵੀ ਦੇ ਸੁੰਦਰ ਸ਼ਿਅਰ ਯਾਦ ਆ ਰਹੇ ਹਨ :—

"ਕਰਤਾਰ ਕੀ ਸੌਗੰਦ ਹੈ ਨਾਨਕ ਕੀ ਕਸਮ ਹੈ।
ਜਿਤਨੀ ਭੀ ਕਹੂੰ ਗੋਬਿੰਦ ਕੀ, ਤਾਰੀਫ਼ ਵੋਹ ਕਮ ਹੈ॥
ਹਰ ਚੰਦ ਮੇਰੇ ਹਾਥ ਮੇਂ ਪੁਰਜ਼ੋਰ ਕਲਮ ਹੈ।
ਗੋਬਿੰਦ ਕੇ ਲਿਖੂੰ ਵਸਫ, ਕਹਾਂ ਤਾਬਿ ਰਕਮ ਹੈ॥
ਇਕ ਆਂਖ ਸੇ ਬੁਲਬੁਲਾ, ਕੈਸੇ ਕੁਲ ਬਹਿਰਾ ਕੋ ਦੇਖੇ।
ਸਾਗਰ ਕੋ, ਮੰਝਧਾਰ ਕੋ, ਯਾ ਕਿ ਲਹਿਰ ਕੋ ਦੇਖੇ।

ਹਾਂ ਜੀ, ਉਸ ਦਾਤਾਰ ਨੇ ਅਨੋਖੇ, ਸੁਚੱਜੇ, ਸੋਧੇ ਹੋਏ ਢੰਗਾਂ ਨਾਲ 'ਹੋਲਾ ਮਹਲਾ' ਮਨ ਉਣ ਦੀ ਜੋ ਅਪਾਰ ਬਖਸ਼ਸ਼ ਕੀਤੀ, ਉਸ ਦੀ ਕਦਰ ਕੋਈ ਕੀ ਪਾਵੇ ? ਸਦੀਆਂ ਤੋਂ ਭਾਰਤ ਅੰਦਰ ਹੋਲੀਆਂ ਮਨਾਈਆਂ ਚਲੀਆਂ ਆ

www.AKJ.Org

ਰਹੀਆਂ ਸਨ। ਹਿੰਦੂ ਲੋਕਾਂ ਅੰਦਰ, ਸਮੇਂ ਦੇ ਗੇੜ ਨਾਲ, ਇਸ ਤਿਉਹਾਰ ਦੇ ਮੌਕੇ, ਜਿਹਾ ਕਿ ਅਜ ਵੀ ਨਜ਼ਰ ਆਉਂਦਾ ਹੈ, ਕਈ ਕੁਚਾਲਾਂ ਚਲ ਪਈਆਂ ਸਨ। ਭਾਵੇਂ ਇਸ ਤਿਉਹਾਰ ਦਾ ਸੰਬੰਧ "ਹੋਲਿਕਾਂ" ਨਾਲ ਜੋੜਿਆ ਜਾਂਦਾ ਹੈ, ਜੋ ਹਰਨਾਖਸ਼ ਦੀ ਭੈਣ ਸੀ ਅਤੇ ਜਿਸ ਨੇ ਆਪਣੇ ਭਰਾ ਦੀਆਂ ਪ੍ਰਹਿਲਾਦ ਨੂੰ ਮਾਰਨ ਦੀਆਂ ਸਾਰੀਆਂ ਤਦਬੀਰਾਂ ਫੇਹਲ ਹੋਈਆਂ ਵੇਖ ਕੇ, ਉਸ ਨਾਲ ਹਮਦਰਦੀ ਜਤਲਾਂਦਿਆਂ; ਨਿਰਭੈ ਬਾਲਕ ਪ੍ਰਹਿਲਾਦ ਨੂੰ ਮਾਰਨ ਦਾ ਨਵਾਂ ਸੁਝਾਅ ਦਿੱਤਾ ਸੀ ਅਤੇ ਜਿਸ ਸੁਝਾਅ ਤੇ ਅਮਲ ਕਰਦਿਆਂ ਉਹ ਆਪ ਹੀ ਸੜ ਮਰੀ ਸੀ। ਇਸ ਲਿਹਾਜ਼ ਨਾਲ ਇਸ ਦਿਨ ਦਾ ਮਨਾਉਣਾ ਬੜਾ ਪਵਿਤਰ ਢੰਗ ਨਾਲ ਹੋਣਾ ਚਾਹੀਦਾ ਸੀ, ਕਿਉਂਕਿ ਧਰਮ ਦੀ ਪਾਪ ਉਤੇ ਜਿਤ ਹੋਈ ਸੀ ਪਰ ਫਿਰ ਵੀ ਇਸ ਤਿਉਹਾਰ ਨੂੰ ਬੜੇ ਘਟੀਅਲ ਤੇ ਨਿੰਦਨੀਯ ਢੰਗ ਨਾਲ ਮਨਾਇਆ ਜਾਂਦਾ ਸੀ। ਜਿਸ ਦਾ ਇਕ ਪ੍ਰਗਟ ਰੂਪ ਅਜ ਵੀ ਨਜ਼ਰ ਆ ਜਾਂਦਾ ਹੈ—ਉਹ ਹੈ, ਮਨੁਖੀ ਵਿਸ਼ਟਾ ਤੇ ਕੂੜਾ ਕਿਰਕਟ ਆਦਿ ਇਕ ਦੂਜੇ ਤੇ ਸੁਟਣਾ, ਗੂਹੜੇ ਪਰ ਕੂੜੇ ਰੰਗਾਂ ਨਾਲ ਇਕ ਦੂਜੇ ਦਾ ਮੱਥਾ ਤੇ ਕਪੜਾ-ਲੱਤਾ ਕਰੂਪ ਕਰਨਾ ਆਦਿਕ। ਗਲ ਕੀ, ਇਸ ਪੁਰਬ ਵਿਚ ਪਵਿਤਰਤਾ ਵਾਲੀ ਅੰਸ਼ ਦਾ ਨਬੂਦ ਵੀ ਨਹੀਂ ਸੀ।

ਤਿਉਹਾਰ ਦਾ ਅਸਲੀ ਦਿਨ ਤਾਂ ਭਾਵੇਂ ਫਲਗੁਣ ਮਹੀਨੇ ਦੀ ਪੂਰਨਮਾਸ਼ੀ ਵਾਲਾ ਦਿਨ ਸੀ, ਫਾਗ ਵੀ ਇਸੇ ਦਿਨ ਦਾ ਨਾਮ ਹੈ, ਪਰ ਅਠ ਕੁ ਦਿਨ ਪਹਿਲਾਂ ਹੀ ਉਪਰੋਕਤ ਕਿਸਮ ਦੇ ਜਾਂ ਕੁਝ ਹੋਰਵੇਂ ਢੰਗਾਂ ਨਾਲ, ਜਿਨ੍ਹਾਂ ਵਿਚ ਧਾਰਮਕ ਅੰਸ਼ ਦਾ ਨਾਂ ਨਮੂਦ ਨਹੀਂ ਸੀ, ਇਸ ਨੂੰ ਮਨਾਉਣਾ ਚਾਲੂ ਹੋ ਜਾਂਦਾ ਸੀ। ਮਹਾਰਾਜ ਨੇ ਇਹ ਸਾਰੇ ਦਿਨ ਵਡੇ ਪੈਮਾਨੇ ਤੇ ਬੀਰ ਰਸੀ ਕਰਤਬਾਂ ਨਾਲ ਅਨੰਦਪੁਰ ਵਿਚ ਮਨਾਉਣੇ ਸ਼ੁਰੂ ਕੀਤੇ। ਕੀਰਤਨੀ ਦਰਬਾਰ ਸੱਜਦੇ, ਅੰਮ੍ਰਿਤ ਵੇਲੇ ਆਸਾ ਦੀ ਵਾਰ ਲਗਦੀ, ਢਾਡੀ ਬੀਰ ਰਸ ਮਈ ਕੀਰਤਨ ਗਾਉਂਦੇ, ਉਪਰੰਤ ਅਤਰ ਫੁਲੇਲ ਤੇ ਗੁਲਾਲ ਆਦਿ ਦੀ ਵਰਖਾ ਹੁੰਦੀ ਪਰ ਨਾਲ ਨਾਲ ਸ਼ਸਤਰਾਂ ਦਾ ਅਭਿਆਸ ਹੁੰਦਾ, ਮਲ ਅਖਾੜੇ ਪੈਂਦੇ, ਗਤਕਾ-ਬਾਜ਼ੀ ਹੁੰਦੀ, ਸਿੰਘ ਸੂਰਮੇ ਸ੍ਰੀ ਸਾਹਿਬ ਤੇ ਹੋਰ ਸ਼ਸਤਰਾਂ ਦੇ ਕਰਤਬ ਦਿਖਾਂਦੇ। ਸਿੰਘਾਂ ਨੂੰ ਦੋ ਜੱਥਿਆਂ ਵਿਚ ਵੰਡ ਕੇ ਮਨਸੂਈ ਲੜਾਈਆਂ ਕਰਾਈਆਂ ਜਾਂਦੀਆਂ। 'ਸਤਿ ਸ੍ਰੀ ਅਕਾਲ' ਦੇ ਜੈਕਾਰਿਆਂ ਦੀਆਂ ਗੂੰਜਾਂ ਪੈਂਦੀਆਂ। ਸ਼ਾਮ ਨੂੰ ਸੋ ਦਰੁ ਹੋ ਦੀਵਾਨ ਸੱਜਦੇ। ਸੂਰਬੀਰਾਂ ਦੀਆਂ ਵਾਰਾਂ ਗਾਇਨ ਹੋਂਦੀਆਂ। ਸੱਚੇ ਪਾਤਸ਼ਾਹ ਦੀ ਪ੍ਰਤੱਖ ਹਜ਼ੂਰੀ ਹੀ ਨਹੀਂ ਸਗੋਂ ਇਹਨਾਂ ਪਰੋਗਰਾਮਾਂ ਵਿਚ ਉਨ੍ਹਾਂ ਦੀ ਉਤਸ਼ਾਹ ਦਿਵਾਉਣੀ ਸ਼ਮੂਲੀਅਤ ਵੀ ਹੋਂਦੀ ਸੀ।

www.AKJ.Org

ਅਜ ਸ਼ਸਤਰਾਂ ਦਾ ਅਭਿਆਸ ਤੇ ਸਤਿਕਾਰ ਸਿੰਘਾਂ ਵਿਚ ਕੁਝ ਘਟਦਾ ਮਹਿਸੂਸ ਹੋ ਰਿਹਾ ਸੀ। ਮਹਾਰਾਜ ਨੇ ਆਪਣੇ ਕਰ ਕਮਲਾਂ ਦੇ ਵਰਸਾਏ ਹੋਏ ਤੇ ਵਰਤੇ ਹੋਏ ਸ਼ਸਤਰ ਭਿਜਵਾ ਕੇ ਇਕ ਜਾਗ੍ਰਤੀ ਪੈਦਾ ਕਰ ਦਿਤੀ ਹੈ। (ਨੋਟ :–ਇਨ੍ਹਾਂ ਪਾਵਨ ਸ਼ਸਤਰਾਂ ਬਾਰੇ ਪੁਜੀ ਹੋਈ ਵਾਕਫੀਅਤ ਇਸ ਪਰਚੇ ਵਿਚ ਕਿਸੇ ਹੋਰ ਥਾਂ ਦਿਤੀ ਜਾ ਰਹੀ ਹੈ।) ਮਹਾਰਾਜ ਕਿਰਪਾ ਕਰਨ ਕਿ ਸਿੰਘਾਂ ਅੰਦਰ ਸ਼ਸਤਰਾਂ ਪ੍ਰਤੀ ਸਤਿਕਾਰ ਦੀ ਭਾਵਨਾ ਦਿਨੋ ਦਿਨ ਅਗਾਂਹ ਹੀ ਅਗਾਂਹ ਜਾਵੇ ਅਤੇ ਪੰਥ ਅੰਦਰ ਫਿਰ ਚੜ੍ਹਦੀ ਕਲਾ ਦਾ ਸਾਗਰ ਠਾਠਾਂ ਮਾਰਦਾ ਨਜ਼ਰ ਆਵੇ।

ਆਉ, ਇਸ ਥਾਂ ਤੇ ਅਸੀਂ ਮਹਾਰਾਜ ਜੀ ਦੀ ਸ਼ਸਤਰਾਂ ਪ੍ਰਤੀ ਪ੍ਰਗਟਾਈ ਅਪਨੀ ਭਾਵਨਾ ਦਾ ਕੁਝ ਦਰਸ਼ਨ ਕਰਨ ਦਾ ਜਤਨ ਕਰੀਏ। ਆਪ ਜੀ ਨੇ ਦਸਮ ਗ੍ਰੰਥ ਅੰਦਰ ਇਕ ਪੂਰੀ ਬਾਣੀ 'ਸ਼ਸਤਰ ਨਾਮ ਮਾਲਾ' ਦੇ ਸਿਰਲੇਖ ਹੇਠ ਰਚੀ ਹੈ। ਇਸ ਦੇ ਵਿਚ ਸਤ ਪ੍ਰਕਾਰ ਦੇ ਛੰਦਾਂ ਦੀ ਗਿਣਤੀ ਦਾ ਜੋੜ ਤੇਰਾਂ ਸੌ ਅਠਾਰਾਂ ਹੈ। ਉਸ ਦਸ਼ਮੇਸ਼ ਬਾਣੀ ਵਿਚੋਂ ਕੁਝ ਦੋਹਰੇ ਹੇਠਾਂ ਦਿਤੇ ਜਾਂਦੇ ਹਨ :–

"ਅਸ ਕ੍ਰਿਪਾਨ ਖੰਡੋ ਖੜਗ ਤੁਪਕ ਤਬਰ ਅਰੁ ਤੀਰ ॥
ਸੈਫ ਸਰੋਹੀ ਸੈਹਥੀ ਯਹੈ ਹਮਾਰੈ ਪੀਰ ॥੩॥

ਤੀਰ ਤੁਹੀ ਸੈਥੀ ਤੁਹੀ ਤੁਹੀ ਤਬਰ ਤਰਵਾਰ॥
ਨਾਮ ਤਿਹਾਰੋ ਜੋ ਜਪੈ ਭਏ ਸਿੰਧ ਭਵ ਪਾਰ ॥੪॥

ਕਾਲ ਤੁਹੀ ਕਾਲੀ ਤੁਹੀ ਤੁਹੀ ਤੇਗ ਅਰ ਤੀਰ ॥
ਤੁਹੀ ਨਿਸਾਨੀ ਜੀਤ ਕੀ ਆਜੁ ਤੁਹੀ ਜਗਬੀਰ॥੫॥
ਸਸਤ੍ਰ ਅਸਤ੍ਰ ਤੁਮ ਹੀ ਸਿਪਰ ਤੁਮਹੀ ਕਵਚ ਨਿਖੰਗ ॥
ਕਵਚਾਂਤਕ ਤੁਮ ਹੀ ਬਨੇ ਤੁਮ ਵਿਆਪਕ ਸਰਬੰਗ ॥੭॥

ਤੁਮੀਂ ਗੁਰਜ ਤੁਮਹੀ ਗਦਾ ਤੁਮਹੀ ਤੀਰ ਤੁਫੰਗ ॥
ਦਾਸ ਜਾਨ ਮੋਰੀ ਸਦਾ ਰੱਛ ਕਰੋ ਸਰਬੰਗ ॥੧੩॥
ਪ੍ਰਿਥਮ ਉਪਾਵਹੁ ਜਗਤ ਤੁਮ ਤੁਮਹੀਂ ਪੰਥ ਬਨਾਇ ॥
ਆਪ ਤੁਹੀ ਝਗਰਾ ਕਰੋ ਤੁਮਹੀ ਕਰੋ ਸਹਾਇ ॥੧੫॥

ਪਾਠਕ ਉਪਰੋਕਤ ਸਤਰਾਂ ਤੋਂ ਅੰਦਾਜ਼ਾ ਲਗਾਉਣ ਕਿ ਕਿਵੇਂ

www.AKJ.Org

ਮਹਾਰਾਜ ਸ਼ਸਤਰਾਂ ਅੰਦਰ ਅਕਾਲ-ਪੁਰਖ ਦੇ ਪ੍ਰਤੱਖ ਦਰਸ਼ਨ ਕਰ ਰਹੇ ਹਨ। ਕਿਰਪਾਨ, ਖੰਡਾ, ਖੜਗ, ਤੁਪਕ, ਤਬਰ, ਤੀਰ, ਸੈਫ਼, ਸਰੋਹੀ, ਸੈਹਥੀ, ਵਾਰੀ ਵਾਰੀ ਕਿਵੇਂ ਪਵਿਤਰ ਪਾਵਨ ਝਲਕਾਂ ਰਾਹੀਂ ਅਕਾਲ-ਪੁਰਖ ਦਾ ਪਰਤੋ ਪਾ ਰਹੇ ਹਨ। ਸ਼ਸਤਰ ਪਰਮ ਪੁਰਖ ਦੀ ਹਸਤੀ ਅੰਦਰ ਪਰਵੇਸ਼ ਕਰੀ ਜਾ ਰਹੇ ਹਨ ਜਾਂ ਇਉਂ ਕਹੋ ਕਿ ਪਰਮ-ਪੁਰਖ ਸ਼ਸਤਰਾਂ ਵਿਚ ਪਰਵੇਸ਼ ਕਰੀ ਜਾ ਰਿਹਾ ਹੈ। ਕੋਈ ਦਿਬ ਦੀਦੇ ਹੀ ਇਸ ਦਿਬ ਦੀਦ ਦਾ ਪੂਰਾ ਦੀਦਾਰ ਪਾ ਸਕਦੇ ਹਨ। ਅਸਾਂ ਸਾਧਾਰਨ ਤੇ ਸਿਧੇ ਸਾਧੇ ਲੋਕਾਂ ਲਈ ਇਤਨੀ ਅਰਦਾਸ ਹੀ ਕਾਫੀ ਹੈ। "ਦਸਮੇਸ਼ ਪਿਤਾ ਤੂੰ ਸ਼ਸਤਰਾਂ ਵਿਚ ਪ੍ਰਤੱਖ ਅਕਾਲ ਤਕਿਆ ਸੀ, ਅਸੀਂ ਤੇਰੇ ਨਾਮ ਧਰੀਕ ਇਨ੍ਹਾਂ ਸ਼ਸਤਰਾਂ ਵਿਚੋਂ ਤੈਨੂੰ ਹੀ ਤਕ ਸਕੀਏ।"

ਧੰਨ ਹੈਂ, ਕਲਗੀਧਰ ਪਾਤਿਸ਼ਾਹ ਤੂੰ, ਤੀਰ ਤਲਵਾਰ ਅੰਦਰ ਕਰਤਾਰ ਵਿਖਾਉਣ ਵਾਲਾ, ਜਿਸ ਸ਼ਕਤੀ ਦੇ ਜਾਪ ਨਾਲ ਸੰਸਾਰ ਸਾਗਰ ਤੋਂ ਪਾਰ ਉਤਰੀਦਾ ਹੈ। ਕੀ ਅਜ ਆਪਣੇ ਸ਼ਸਤਰਾਂ ਦੇ ਰੂਪ ਵਿਚ ਤੁਹੀ "ਨਿਸ਼ਾਨੀ ਜੀਤ ਕੀ" ਹੀ ਤਾਂ ਨਹੀਂ ਭੇਜੀ? ਅਸਾਂ ਉਦਾਸ ਹੋਇਆਂ ਡੱਕੇ ਡੋਲੇ ਖਾਂਦਿਆਂ ਲਈ ਤੂੰ ਸਹਾਰਾ ਹੀ ਤਾਂ ਨਹੀਂ ਬਖਸ਼ਿਆ?

ਮੁਦਾ ਮੂਲ ਇਹ ਹੈ ਕਿ ਦਸਮੇਸ਼ ਜੀ ਨੇ ਇਸ ਬਾਣੀ ਵਿਚ ਕੇਵਲ ਸ਼ਸਤਰਾਂ ਦੀ ਲਿਸਟ ਹੀ ਨਹੀਂ ਪੇਸ਼ ਕੀਤੀ, ਸਗੋਂ ਉਹ ਤਾਂ ਇਕ ਨਵੇਂ ਬੀਰ ਰਸੀ ਰੂਪ ਵਿਚ "ਅਕਾਲ ਉਸਤਤਿ" ਕਰ ਰਹੇ ਹਨ। ਨਿਰਾ ਇਸ ਬਾਣੀ ਵਿਚ ਹੀ ਨਹੀਂ, ਸਗੋਂ ਸਾਰੀ ਪਵਿਤਰ ਬਾਣੀ ਵਿਚ ਕਈ ਥਾਵਾਂ ਤੇ ਐਸੇ ਸ਼ਸਤਰ ਨਾਮ ਪੇਸ਼ ਕੀਤੇ ਹਨ, ਜੋ ਪ੍ਰਮਾਤਮਾ ਲਈ ਵੀ ਐਨ ਢੁਕਦੇ ਫਬਦੇ ਨਾਮ ਹਨ। ਉਂਝ ਤਾਂ ਸਾਰੀ ਬਾਣੀ ਬੀਰ ਰਸ ਦਾ ਪਾਵਨ ਜਜ਼ਬਾ ਪੈਦਾ ਕਰਨ ਵਾਲੀ ਹੈ ਪਰੰਤੂ ਆਪ ਜੀ ਦਾ ਸ਼ਸਤਰਾਂ ਪ੍ਰਤੀ ਸਤਿਕਾਰ ਤੇ ਪਿਆਰ ਅਤੇ ਇਨ੍ਹਾਂ ਦੀ ਵਰਤੋਂ ਸਭ ਕੁਛ ਅਧਰਮ ਦਾ ਨਾਸ਼ ਤੇ ਧਰਮ ਦਾ ਪ੍ਰਕਾਸ਼ ਕਰਨ ਲਈ ਦੀਨਾਂ ਦੁਖੀਆਂ ਦੀ ਰਖਿਆ ਅਤੇ ਦੁਸ਼ਟਾਂ ਦੂਤਾਂ ਦੀ ਸੋਧ ਸੁਧਾਈ ਲਈ ਸੀ। ਇਸੇ ਮਕਸਦ ਲਈ ਹੀ ਆਪ ਅਨੰਦ ਪੁਰ ਵਿਖੇ ਸ਼ਸਤਰਾਂ ਦੀ ਵਰਤੋਂ ਦਾ ਅਭਿਆਸ ਸਿੰਘਾਂ ਸੂਰਿਆਂ ਨੂੰ ਸਿਖਾ ਰਹੇ ਸਨ। ਸਿੰਘਾਂ ਦੇ ਸ਼ਸਤਰ ਵਿਦਿਆ ਦੇ ਉਚੇ ਤੋਂ ਉਚੇ ਕਰਤਬ ਵੇਖਣ ਲਈ ਗੁਰੂ ਸਾਹਿਬ ਨੇ ਹੋਲੀ ਤੋਂ ਅਗਲੇ ਦਿਨ ਹੋਲੇ ਮਹਲੇ ਦਾ ਪੁਰਬ ਨੀਅਤ ਕੀਤਾ।

ਦਸਿਆ ਜਾਂਦਾ ਹੈ ਕਿ ਇਨ੍ਹਾਂ ਨਜ਼ਾਰਿਆਂ ਦੀ ਅਖੀਂ ਡਿਠੀ ਗਵਾਹੀ ਭਾਈ ਸਾਹਿਬ ਭਾਈ ਨੰਦ ਲਾਲ (ਸਿੰਘ) ਜੀ ਇਉਂ ਪ੍ਰਗਟ ਕਰਦੇ ਹਨ:-

www.AKJ.Org

''ਗੁਲਿ ਹੋਲੀ ਬਬਾਗ਼ਿ ਦਹਰ ਬੂ ਕਰਦ,
ਲਬਿ ਚੂੰ ਗ਼ੁੰਚਾ ਰਾ ਫਰਖ਼ੰਦਾ ਖ਼ੂ ਕਰਦ ॥
ਗੁਲਾਬੋ ਅੰਬਰੋ ਮੁਸ਼ਕੋ ਅਬੀਰੋ,
ਚੂ ਬਾਰਾਂ ਬਾਰਸ਼ੇ ਅਜ਼ ਸੂ ਬਸੂ ਕਰਦ ॥
ਜ਼ਹੇ ਪਿਚਕਾਰੀਏ ਪੁਰ ਜ਼ਾਅਫਰਾਨੇ,
ਕਿ ਹਰ ਬੇਰੰਗ ਰਾ ਖੁਸ਼ ਰੰਗੋ ਬੂ ਕਰਦ ॥
ਗੁਲਾਲ ਅਫਸ਼ਾਨੀਏ ਦਸਤੇ ਮੁਬਾਰਕ,
ਜ਼ਮੀਨੋ ਆਸਮਾਂ ਰਾ ਸੁਰਖ਼ਰੂ ਕਰਦ ॥
ਦੋ ਆਲਮ ਗਸ਼ਤ ਰੰਗੀਂ ਅਜ਼ ਤਫ਼ੈਲਸ਼,
ਚੁ ਸ਼ਾਹਮ ਜਾਮਾ ਰੰਗੀਂ ਦਰ ਗੁਲੂ ਕਰਦ ॥
ਕਸੇ ਕੋ ਦੀਦ ਦੀਦਾਰਿ ਮੁਕਦਸ,
ਮੁਰਾਦਿ ਉਮਰ ਰਾ ਹਾਸਿਲ ਨਿਕੋ ਕਰਦ ॥
ਸ਼ਵਦ ਕੁਰਬਾਨ ਖ਼ਾਕਿ ਰਾਹਿ ਸੰਗਤ,
ਦਿਲਿ ਗੋਯਾ ਹਮੀਂ ਰਾ ਆਰਜ਼ੂ ਕਰਦ ॥

ਉਪਰੋਕਤ ਗਜ਼ਲ ਵਿਚ ਜਿਥੇ ਭਾਈ ਸਾਹਿਬ ਜੀ ਦੀ ਨਿਜ ਅਖੀਂ ਪੇਖੀ ਦੇਖੀ ਗਵਾਹੀ ਹੈ, ਉਥੇ ਦਾਸਰੇ ਨੂੰ ਇਸ ਅੰਦਰ ਅੰਤਰੀਵ ਤੇ ਪਰਮਾਰਥਕ ਰੰਗਣ ਵੀ ਨਜ਼ਰ ਆਈ ਹੈ। ਇਸ ਗਜ਼ਲ ਅੰਦਰ ਐਨ ਉਹੋ ਰੰਗ ਜਾਪਦਾ ਹੈ ਜੋ 'ਹੋਲੀ ਕੀਨੀ ਸੰਤ ਸੇਵ' ਵਾਲੇ ਸ਼ਬਦ ਵਿਚ ਹੈ। ਉਥੇ ਗੁਰੂ ਨੂੰ ਸੇਵਕ ਨਾਲ ਮਿਲਕੇ ਜੋ ਅਵਸਥਾ ਉਤਪੰਨ ਹੋਈ ਹੈ, ਉਹ ਬਿਆਨ ਕੀਤੀ ਹੈ। ਇਥੇ ਵੀ ਉਹੋ ਗੁਰੂ ਮਹਾਰਾਜ ਜੀ ਦੇ ਪ੍ਰਗਟਾਏ, ਆਪਣੇ ਜੀਵਨ ਵਿਚ ਤਜਰਬਾਏ ਨਜ਼ਾਰੇ ਅੰਕਤ ਕੀਤੇ ਹਨ। ਗੁਰਮੁਖਾਂ ਦੇ ਹਿਰਦੇ ਸੰਸਾਰ ਅੰਦਰ ਜਦੋਂ ਨਾਮ ਦਾ ਕਮਲ ਫੁਲ ਮਹਿਕਦਾ ਹੈ ਤਾਂ ਬੰਦ ਹੋਈ ਕਲੀ ਵਾਂਗ ਅੰਦਰ ਮਹਿਕ ਨਾਲ ਭਰਪੂਰ ਹੋ ਜਾਂਦਾ ਹੈ। ਹਰਿਨਾਮ ਦੀ ਟੇਵ ਪੈਣ ਕਰਕੇ ਇਹ ਹੋਰ ਮੁਬਾਰਕ ਪਵਿਤਰ ਤੇ ਪੁਨੀਤ ਹੋ ਜਾਂਦੇ ਹਨ। ਚਾਰੇ ਕੁੰਡਾਂ ਵਿਚ ਸੁਗੰਧਤ ਖੁਸ਼ਬੂਆਂ ਦੀ ਝੋਕ ਵਰਖਾ, ਜਿਸ ਨੂੰ ਉਚ ਅਟਾਰੀਏ ਗੁਰਮੁਖ ਜਨ ਹੀ ਸਮਝਾ ਬੁਝਾ ਸਕਦੇ ਹਨ, ਭਾਈ ਸਾਹਿਬ ਨੰਦ ਲਾਲ (ਸਿੰਘ) ਜੀਉ ਨੇ ਦੂਜੇ ਸ਼ਿਅਰ ਵਿਚ ਪ੍ਰਗਟਾਈ ਪ੍ਰਤੀਤ ਹੁੰਦੀ ਹੈ। ਅਸਾਂ ਅਲੜ ਜਗਿਆਸੂਆਂ ਨੂੰ ਤਾਂ ਕੋਈ ਰਸਾਈ ਨਹੀਂ ਹੋਈ ਐਸੀ। ਦੁਬਧਾ ਤੇ ਦੁਰਮਤ

www.AKJ.Org

ਰੁਸੇ ਹੋਏ ਮਨਾਂ ਨੂੰ ਬਸੰਤ ਬਹਾਰ ਦੀ ਕੀ ਸਾਰ ? ਸਤਿਗੁਰੂ ਦੀ ਨਾਮ ਰੂਪੀ ਕੇਸਰ ਭਰੀ ਪਿਚਕਾਰੀ ਤੋਂ ਕੁਰਬਾਨ ਜਾਵੀਏ, ਜੋ ਅਜਿਹੇ ਬੇਬੰਗ ਤੇ ਖੁਸ਼ਕ ਮਨਾਂ ਨੂੰ ਹਰਾ ਭਰਾ ਕਰਨ ਦੀ ਸਮਰਥਾ ਰਖਦੀ ਹੈ।

ਸਤਿਗੁਰੂ ਦੇ ਕਰ ਕਮਲਾਂ ਦੀ ਮੋਹਰ-ਥਾਪੀ ਪ੍ਰਾਪਤ ਹੋਣ ਨਾਲ ਧਰਤੀ ਤੇ ਅਕਾਸ਼ ਦੋਵੇਂ ਮਉਲੇ ਹੋਏ, ਅਕਾਲ-ਪੁਰਖ ਦੀ ਜਮਾਲੀ ਜੋਤ ਨਾਲ ਜਗ ਮਗਾਉ ਦੇ ਹੋਏ ਦਿਖਾਈ ਦੇਂਦੇ ਹਨ। ਜਦ ਮੇਰੇ ਸਤਿਗੁਰੂ ਕਿਸੇ ਗੁਰਮੁਖ ਜਨ ਦੀ ਅਭਿਆਸ ਦੀ ਕਮਾਈ ਉਤੇ ਪ੍ਰਸੰਨ ਹੋ, ਨਾਮ ਰਤੜਾ ਜਾਮਾ, ਕਵਾਇ ਖੋਲ੍ਹ ਪੈਨਾਉਂਦੇ ਹਨ, ਉਸ ਗੁਰਮੁਖ ਦੇ ਦੋਵੇਂ ਲੋਕ ਪ੍ਰਲੋਕ ਸੁਹਾਵਣੇ ਹੋ ਜਾਂਦੇ ਹਨ। ਉਪਰੋਕਤ ਅਵਸਥਾ ਦੀ ਪ੍ਰਾਪਤੀ ਦੀ ਮੁਰਾਦਾਂ, ਇਸ ਮਨੁਖੀ ਉਮਰ ਦਾ ਸੱਚਾ ਸੁਚਾ ਲਾਹਾ, ਉਹੋ ਹੀ ਪ੍ਰਾਪਤ ਕਰ ਸਕਦਾ ਹੈ, ਜਿਸ ਨੇ ਦਸਮੇਸ਼ ਪਾਤਸ਼ਾਹ ਦਾ ਪਵਿਤਰ ਦੀਦਾਰ ਦਰਸਾਰ ਪ੍ਰਾਪਤ ਕਰ ਲਿਆ, ਭਾਵ ਜਿਸ ਨੇ ਸਤਿਗੁਰੂ ਰੂਪੀ ਪੰਜਾਂ ਪਿਆਰਿਆਂ ਤੋਂ ਗੁਰ-ਦੀਖਿਆ ਪ੍ਰਾਪਤ ਕਰ ਲਈ। ਆਖਰੀ ਸਤਰ ਵਿਚ ਰੋਯਾ ਜੀ, ਨਿਮਰਤਾ ਦੇ ਘਰ ਆਉਂਦੇ ਹੋਏ, ਆਉਂਦੇ ਕੀ, ਵਸਦੇ ਹੋਏ ਸਤਿਸੰਗਤ ਦੇ ਰਾਹ ਦੀ ਧੂੜੀ ਤੋਂ ਕੁਰਬਾਨ, ਘੋਲੇ, ਵਾਰਨੇ ਜਾਂਦੇ ਹਨ ਅਤੇ ਆਪਣੇ ਦਿਲ ਦੀ ਇਹੀ ਸਧਰ ਪ੍ਰਗਟ ਕਰਦੇ ਹਨ ਕਿ "ਗੁਰਸਿਖਾਂ ਕੀ ਹਰਿ ਧੂੜ ਦੇਹ।"

ਸੁਭਾਗੇ ਵੀਰੋ ਆਓ ! ਅਸੀਂ ਵੀ, ਜੋ ਸਤਿਗੁਰੂ ਦੀ ਅੰਮ੍ਰਿਤ ਦਾਤ ਤੋਂ ਵਿਰਵਾ ਹਾਂ, ਆਪਣਾ ਜਨਮ ਸਫਲਾ ਕਰਨ ਲਈ, ਉਸ ਦੇ ਦਰ ਤੇ ਸੁਆਲੀਏ ਬਣ ਕੇ ਜਾਈਏ, ਤਾਕਿ ਪੰਚ ਪਰਵਾਨ ਜਨਾਂ ਦੀ ਮਿਹਰ ਨਾਲ ਅਸੀਂ ਭੀ ਇਹ ਦੁਰਲਭ ਦਾਤ ਤੋਂ ਵਰਸਾਏ ਜਾਵੀਏ। ਇਹੋ ਹੀ ਹੋਵੇਗੀ ਸਾਡੀ ਸੰਤ ਸੇਵਾ ਵਾਲੀ ਹੋਲੀ।

(ਐਡੀਟਰ)

www.AKJ.Org

# ਸ਼ਸਤਰਾਂ ਦਾ ਅਦਬ

(ਗੁਰਪੁਰਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ)

''ਜਿਤੇ ਸ਼ਸਤ੍ਰ ਨਾਮੰ ॥ ਨਮਸਕਾਰ ਤਾਮੰ ॥
ਜਿਤੇ ਅਸਤਰ ਭੇਯੰ ॥ ਨਮਸਕਾਰ ਤੇਯੰ ॥''

ਦੇ ਸ੍ਰੀ ਦਸਮੇਸ਼ ਵਾਕ ਦਸਦੇ ਹਨ ਕਿ ਸ਼ਸਤਰਾਂ ਅਸਤਰਾਂ ਦਾ ਕੈਸਾ ਅਦਬ ਸਨਮਾਨ ਗੁਰੂ ਘਰ ਅੰਦਰ ਹੈ। ਜੋ ਸ਼ਸਤਰਧਾਰੀ ਹੋ ਕੇ ਸ਼ਸਤਰਾਂ ਦਾ ਅਦਬ ਸਨਮਾਨ ਨਹੀਂ ਜਾਣਦਾ, ਉਸ ਨੂੰ ਸ਼ਸਤਰਾਂ ਦੀ ਕਦਰ ਹੀ ਕੀ ? ਧਰਮ-ਯੁਧ ਅਖਾੜੇ ਵਿਚ ਸ਼ਸਤਰ-ਸਨਮਾਨੀ ਸਿੰਘ-ਸੂਰਬੀਰ ਦੀ ਸਦਾ ਜੈ ਹੈ। ਉਸੇ ਸੂਰਬੀਰ ਸਿੰਘ ਨੂੰ ਸ਼ਸਤਰ ਸੋਭਦੇ ਹਨ, ਜੋ ਸ਼ਸਤਰਾਂ ਦਾ ਸਨਮਾਨ ਕਰਨਾ ਜਾਣਦਾ ਹੈ। ਜਿਸ ਸ਼ਸਤਰ ਨੂੰ ਆਮ ਸੰਸਾਰੀ ਤਲਵਾਰ ਆਖਦੇ ਹਨ, ਉਸ ਦਾ ਪ੍ਰਸਿੱਧ ਨਾਮ, ਗੁਰੂ ਖਾਲਸਾ ਜੀ ਦੀ ਭਾਸ਼ਾ ਅੰਦਰ 'ਸ੍ਰੀ ਸਾਹਿਬ' ਹੈ। ਜਿਸ ਸ਼ਸਤਰ ਦੇ ਨਾਮ ਨੂੰ ਹੀ ਇਤਨਾ ਸਨਮਾਨ ਦਿਤਾ ਗਿਆ ਹੈ, ਉਸ ਸ਼ਸਤਰ ਦੇ ਸੰਭਾਲ ਕੇ ਰਖਣ, ਸਜਾਉਣ ਅਤੇ ਚਲਾਉਣ (ਵਰਤਣ) ਵਿਚ ਤਾਂ ਕੇਵਡ ਵੱਡਾ ਸਨਮਾਨ ਹੋਣਾ ਲੋੜੀਂਦਾ ਹੈ, ਜਿਨ੍ਹਾਂ ਬਿਬੇਕ ਹੀਣ ਪੁਰਸ਼ਾਂ ਨੂੰ ਇਸ ਸਨਮਾਨ ਅਦਬ ਦੀ ਸਾਰ ਨਹੀਂ, ਉਹ ਅਕਸਰ ਸ਼ਸਤਰ ਸਨਮਾਨ ਕਰਨਹਾਰੇ ਸਚਿਆਰ ਸਿੰਘ ਨੂੰ ਸ਼ਸਤਰ-ਪੂਜਕ ਨਾਉਂ ਧਰਕੇ ਮਖੌਲ ਕਰਿਆ ਕਰਦੇ ਹਨ। ਜੋ ਸਿੰਘ ਸੂਰਮੇ ਬਿਬੇਕੀ ਹਨ, ਉਹ ਸ੍ਰੀ ਦਸਮੇਸ਼ ਜੀ ਦੇ ਹੁਕਮਾਂ ਦੀ ਪਾਲਣਾ ਕਰਦੇ ਹੋਏ ਸ਼ਸਤਰਾਂ ਦਾ ਸਨਮਾਨ ਸਿਰੋਂ ਪਸੰਦ ਹੋ ਕੇ ਕਰਦੇ ਹਨ। ਉਹਨਾਂ ਦਾ ਸ਼ਸਤਰਾਂ ਦਾ ਸਨਮਾਨ ਕਰਨਾ ਗੁਰੂ ਕਲਗੀਧਰ ਜੀ ਖੜਗਧਾਰੀ ਦੇ ਹੁਕਮਾਂ ਦੀ ਪਾਲਣਾ ਕਰਨਾ ਹੈ। ਪਰਵਾਹ ਨਹੀਂ, ਲੋਕ ਕੁਛ ਭੀ ਮੇਹਣੇ ਮਾਰਨ, ਬਿਬੇਕੀ ਜਨ (ਹੁਕਮ ਕਮਾਵਨ ਹਾਰੇ ਸਿੰਘ) ਨੂੰ ਸਤਿਗੁਰੂ ਦੇ ਹੁਕਮ ਪਾਲਣ ਦਾ ਭੈ ਸੰਸਾਰੀਆਂ ਦੇ ਮਿਹਣਿਆਂ

www.AKJ.Org

ਤੁਖਣਿਆਂ ਦੇ ਭੈ ਨਾਲੋਂ ਕੋਟਾਨ ਕੋਟ ਦਰਜਾ ਅਧਿਕ ਸ੍ਰੇਸ਼ਟ ਹੈ । ਗੁਰੂ ਦਸਮੇਸ਼ ਜੀ ਦੇ ਸਿੰਘ ਸੂਰਮੇ ਸ਼ਸਤਰ ਜੋ ਧਾਰਨ ਕਰਦੇ ਹਨ, ਸੋ ਲੋਕ ਦਿਖਾਵ ਯਾ ਲੋਕਾਂ ਦੀ ਮਨਾਉਤ ਲਈ ਨਹੀਂ ਕਰਦੇ, ਕੇਵਲ ਸਤਿਗੁਰੂ ਸਾਹਿਬ ਜੀ ਦੇ ਹੁਕਮੀ ਬੰਦੇ ਹੋ ਕੇ ਕਰਦੇ ਹਨ। ਹੁਕਮੀ ਬੰਦੇ ਹੋਕੇ ਹੀ ਸ਼ਸਤਰਾਂ ਦਾ ਸਨਮਾਨ ਕਰਦੇ ਹਨ ਤੇ ਹੁਕਮੀ ਬੰਦੇ ਹੋ ਕੇ ਹੀ ਸ਼ਸਤਰਾਂ ਨੂੰ ਧਰਮ ਯੁਧ ਅੰਦਰ ਵਰਤਦੇ ਹਨ । ਇਹ ਨਿਰਭੈ ਅਕਾਲੀ ਪੰਥ ਹੀ ਸ੍ਰੀ ਦਸਮੇਸ਼ ਜੀ ਨੇ ਧਰਮ ਰਖਿਆ ਲਈ ਚਲਾਇਆ ਹੈ । ਭੈ ਦੇਣ ਹਾਰੇ ਅਧਰਮੀ ਅਤਿਆਚਾਰੀ ਜਰਵਾਣਿਆਂ ਪਾਸੋਂ ਦੀਨਾਂ ਗਰੀਬਾਂ ਦੀ ਰਖਿਆਂ ਕਰਨ ਹਿਤ ਜਦ ਭੀ ਲੋੜ ਪਵੇ ਅਤੇ ਜਦੋਂ ਭੀ ਗੁਰੂ ਅਤੇ ਗੁਰੂ ਪੰਥ ਦੀ ਆਗਿਆ ਹੋਵੇ ਤਦੋਂ ਹੀ ਕਾਲ ਦੇ ਭੈ ਤੋਂ ਨਿਰਭੈ ਅਕਾਲੀ ਵੀਰ ਸ਼ਸਤਰਾਂ ਦੀ ਸਹਾਇਤਾ ਦੁਆਰਾ ਹੀ ਦੁਰਜਨ ਸ਼ਤ੍ਰੂਆਂ ਦਾ ਖੈ ਕਰਕੇ ਦੀਨਾਂ ਦੀ ਰਖਿਆ ਕਰਨਗੇ ਅਤੇ ਜਦ ਕੋਈ ਭੀ ਧਰਮ ਦੀ ਹਾਨੀ ਦਾ ਹੋਰ ਕੋਈ ਇਲਾਜ ਸ਼ਸਤਰ ਉਠਾਏ ਬਗੈਰ ਨਾ ਹੋ ਸਕਦਾ ਹੋਵੇ ਤਾਂ ਨਿਧੜਕ ਅਤੇ ਨਿਸੰਗ ਸ਼ਸਤਰ ਫੜਕੇ ਧਰਮ ਯੁਧ ਅੰਦਰ ਜੁਟ ਜਾਣਗੇ । ਸ੍ਰੀ ਦਸਮੇਸ਼ ਜੀ ਦੇ ਅਵਤਾਰ ਧਾਰਨ ਅਤੇ ਇਹ ਅਵਤਾਰੀ ਸ਼ਸਤ੍ਰਧਾਰੀ ਨਿਰਭੈ ਨਿਰੰਕਾਰੀ ਖ਼ਾਲਸਾ (ਅਕਾਲੀ) ਪੰਥ ਚਲਾਵਨ ਦਾ ਜੋ ਅਸਲ ਅਭਿਪਰਾ ਹੈ ਉਹ ਸ੍ਰੀ ਦਸਮੇਸ਼ ਜੀ ਦੇ ਹੇਠ ਲਿਖੇ ਸ੍ਰੀ ਮੁਖਵਾਕ ਬਚਨ ਤੋਂ ਸਪਸ਼ਟ ਸਿਧ ਹੈ । ਯਥਾ :–

"ਹਮ ਇਹ ਕਾਜ ਜਗਤ ਮੋ ਆਏ ॥
ਧਰਮ ਹੇਤ ਗੁਰਦੇਵ ਪਠਾਏ ॥
ਜਹਾਂ ਤਹਾਂ ਤੁਮ ਧਰਮ ਬਿਥਾਰੋ ॥
ਦੁਸ਼ਟ ਦੋਖੀਅਨਿ ਪਕਰਿ ਪਛਾਰੋ ॥੪੨॥
ਯਾਂਹੀ ਕਾਜ ਧਰਾ ਹਮ ਜਨਮੰ ॥
ਸਮਝਿ ਲੇਹੁ ਸਾਧੂ ਸਭ ਮਨਮੰ ॥
ਧਰਮ ਚਲਾਵਨ ਸੰਤ ਉਬਾਰਨ ॥
ਦੁਸ਼ਟ ਸਭਨ ਕੋ ਮੂਲ ਉਪਾਰਨ ॥੪੩॥

ਇਸ ਪਰਕਾਰ ਦੇ ਧਰਮ-ਯੁਧ ਦੇ ਸਿਧਾਂਤ ਤੋਂ ਸਖਣੇ ਕਿਸੇ ਹੋਰ ਮਨੋਰਥ ਲਈ ਸ਼ਸਤ੍ਰ ਧਾਰੀ ਖਾਲਸਾ ਜੀ ਨੂੰ ਸ਼ਸਤ੍ਰ ਉਠਾਉਣ ਦੀ ਆਗਿਆ ਨਹੀਂ। ਧਰਮ ਰਖਿਆ ਲਈ ਧਰਮ-ਯੁਧ ਦਾ ਸਿਧਾਂਤ ਆਦਰਸ਼ ਸਦੀਵਲਈ ਅਟੱਲ ਦਸ਼ਾ ਵਿਚ ਨੀਯਤ ਹੋ ਗਿਆ ਅਤੇ ਸ਼ਸਤਰ ਧਾਰੀ ਗੁਰੂ ਖਾਲਸਾ ਪੰਥ ਦੀ ਅਕਾਲੀ ਸਾਜਨਾਭੀ ਅਟੱਲਤਾ ਸਹਿਤ ਸਥਾਪਤ ਹੋ ਗਈ, ਹੁਣ ਜੋ ਇਸ ਅਟੱਲ ਤੇ ਅਕਾਲੀ ਆਦਰਸ਼ ਅੰਦਰ ਅਦਲਾ ਬਦਲੀ ਅਥਵਾ ਹੋਰ ਕਿਸੇ ਪ੍ਰਕਾਰ ਦੀ ਗੜ-

www.AKJ.Org

ਬੜ ਕਰੇਗਾ, ਸੋ ਸ੍ਰੀ ਦਸਮੇਸ਼ ਜੀ ਦੇ ਆਦਰਸ਼ੀ ਸਿਧਾਂਤ ਅਤੇ ਅਟੱਲ ਅਕਾਲੀ ਹੁਕਮਾਂ ਤੋਂ ਬੇਮੁਖ ਹੋਵੇਗਾ। ਕੇਵਲ ਪੇਟ ਪਾਲਣਾ ਦੀ ਖਾਤਰ ਭਾਟੜਿਆਂ ਆਦਿ ਡਿੰਭਧਾਰੀਆਂ ਨਿਆਈਂ ਸ਼ਸਤ੍ਰਧਾਰੀ ਸਿੰਘ ਸਜਣਾ ਸ੍ਰੀ ਖੜਗਧਾਰੀ ਦਸਮੇਸ਼ ਜੀ ਦੇ ਹੁਕਮਾਂ ਤੋਂ ਉਲਟ ਹੈ। ਆਪ ਭੈ ਮੰਨਣਹਾਰੇ ਅਤੇ ਹੋਰਨਾਂ ਨੂੰ ਭੈ ਦੇਣਹਾਰੇ ਸੰਸਾਰੀ ਮਾਇਕ ਮਨੋਰਥਾਂ ਲਈ ਵੈਰ ਵਿਰੋਧ ਕਮਾਵਨਹਾਰੇ ਜਰਵਾਣਿਆਂ ਦੇ ਖਲਦਲਾਂ ਵਿਚ ਕੇਵਲ ਉਪਜੀਵਕਾ ਹਿਤ ਲੋਭ ਲਹਿਰ ਦੇ ਮਾਰੇ ਸ਼ਸਤਰਧਾਰੀ ਬਣ ਕੇ ਚਾਕਰੀਆਂ ਕਰਨੀਆ ਸ਼ਸਤ੍ਰਧਾਰੀ ਪਦ ਨੂੰ ਲਾਜ ਲਾਉਣਾ ਹੈ। ਸਿੰਘ ਸ਼ਸਤ੍ਰ ਧਾਰੀ ਜੋ ਅਜਿਹੇ ਜਰਗਿਆਂ ਵਿਚ ਜਾ ਕੇ ਕੇਵਲ ਉਪਜੀਵਕਾ ਨਮਿਤ ਨੌਕਰ ਹੋਣਗੇ ਤਾਂ ਉਨ੍ਹਾਂ ਦੀ ਸੂਰਮਤਾਈ ਨੂੰ ਵੱਟਾ ਨਹੀਂ ਲਗੇਗਾ ਬਲਕਿ ਸੂਰਮਤਾਈ ਦੀ ਅਸਲ ਸਪਿਰਟ ਹੀ ਉਹਨਾਂ ਦੇ ਅੰਦਰ ਨਹੀਂ ਰਹੇਗੀ। ਸੂਰਮਤਾਈ ਸੂਰਬੀਰਤਾ ਦੀ ਸਪਿਰਟ ਬਿਹੂਣ ਸਿੰਘ ਕਾਹਦਾ? ਸਿੰਘ ਸੂਰਮਾ ਉਹ ਹੈ, ਜੋ ਬੀਰ ਰਸ ਦੇ ਨਿਰਭੈ ਪਦ ਅਤੇ ਚੜ੍ਹਦੀ ਕਲਾ ਵਿਚ ਖੇਲਦਾ ਹੈ। ਨਿਰਭੈਤਾ ਅਤੇ ਚੜ੍ਹਦੀ ਕਲਾ ਉਥੇ ਹੈ ਜਿਥੇ ਲੋਭ ਲਹਿਰ ਨਹੀਂ, ਜਿਥੇ ਮਾਇਕ ਮਨੋਰਥ ਨਹੀਂ, ਜਿਥੇ ਮਾਯਾ ਵੀ ਜੀਵਾਂ ਦੀ ਮੁਥਾਜੀ ਨਹੀਂ। ਜਿਥੇ ਗੁਰੂ ਅਕਾਲ ਪੁਰਖ ਤੋਂ ਛੁਟ ਅਤੇ ਗੁਰੂ ਪੰਥ ਦੀ ਆਗਿਆ ਤੋਂ ਉਲਟ ਹੋਰ ਕਿਸੇ ਦੀ ਈਨ ਮਨੌਤੀ ਨਹੀਂ, ਜਿੱਥੇ ਏਸ ਪ੍ਰਕਾਰ ਦੀ ਕਾਣ ਹੈ, ਉਥੇ ਨਿਰਭੈ ਪਦ ਕਿੱਥੇ? ਅਤੇ ਨਿਰਭੈ ਪਦ ਵਾਲੀ ਨਿਰਭੈਤਾ ਬਿਹੂਣ ਸ੍ਰੀ ਸਾਹਿਬ ਸਾਰਖੇ ਸ਼ਸਤ੍ਰ ਨੂੰ ਧਾਰਨ ਕਰਨਾ ਸ੍ਰੀ ਸਾਹਿਬ ਦੀ ਬੇਅਦਬੀ ਕਰਨਾ ਹੈ। ਸ੍ਰੀ ਸਾਹਿਬ ਦਾ ਸੱਚਾ ਸਨਮਾਨ ਸ਼ਸਤ੍ਰਧਾਰੀ ਖਾਲਸਾ ਜੀ ਲਈ ਨਿਰਭੈ ਪਦ ਦੇ ਦਾਤੇ ਸ੍ਰੀ ਕਲਗੀਧਰ ਜੀ ਨੇ ਇਸ ਪਰਕਾਰ ਵਰਣਨ ਕੀਤਾ ਹੈ:-

"ਖਗ ਖੰਡ ਬਿਹੰਡੰ ਖਲਦਲ ਖੰਡੰ ਅਤ ਰਣ ਮੰਡੰ ਬਰਬੰਡੰ ॥
ਭੁਜ ਦੰਡ ਅਖੰਡੰ, ਤੇਜ ਪ੍ਰਚੰਡੰ, ਜੋਤ ਅਮੰਡੰ ਭਾਨ ਪ੍ਰਭੰ ॥
ਸੁਖ ਸੰਤਾਂ ਕਰਣੰ ਦੁਰਮਤਿ ਦਰਣੰ, ਕਿਲਬਿਖ ਹਰਣੰ ਅਸ ਸਰਣੰ ॥
ਜੈ ਜੈ ਜਗ ਕਾਰਣ ਸ੍ਰਿਸ਼ਟ ਉਬਾਰਨ ਮਮ ਪ੍ਰਤਿਪਾਰਣ ਜੈ ਤੇਗੰ ॥"

ਭੈ ਦੇਣਹਾਰਿਆਂ ਖਲਦਲੀ ਜਰਵਾਨਿਆਂ ਦੇ ਜ਼ੋਰ ਜ਼ੁਲਮ ਤੋਂ ਸੁਤੰਤਰਤਾ ਦੇਣਹਾਰੀ ਇਹ ਸ੍ਰੀ ਸਾਹਿਬ ਹੈ ਅਤੇ ਅਵਸਰ ਪਏ ਤੇ ਕੇਵਲ ਸ੍ਰੀ ਸਾਹਿਬ ਦਾ ਸਹਾਰਾ ਲੈਣਾ ਹੀ ਗੁਣਕਾਰੀ ਹੈ ਅਤੇ ਇਸ ਸਹਾਇਤਾ ਸਹਾਰੇ ਨਮਿਤ ਸ੍ਰੀ ਸਾਹਿਬ ਦਾ ਵਰਤਣਾ ਪੂਰਨ ਧਰਮ ਨਿਆਉਂ ਅਤੇ ਪਰਉਪਕਾਰ ਹੈ।

("ਗੁਰਮਤ ਬਿਬੇਕ" ਵਿਚੋਂ)

www.AKJ.Org

# ਆਚਰਣ-ਉਸਾਰੀ ਵਿਚ ਦਸ਼ਮੇਸ਼ ਜੀ ਦੀ ਦੇਣ

(ਪ੍ਰੋ: ਸਾਹਿਬ ਸਿੰਘ ਬੀ. ਏ.)

(੧)

ਜੰਗ ਦੇ ਮੌਕੇ ਤੇ ਵੈਰੀ ਦਾ ਜ਼ਰ ਤੇ ਜ਼ੋਰੂ ਕਿਸੇ ਧਰਮ ਨੇ ਮਨ੍ਹਾ ਨਹੀਂ ਸੀ ਕੀਤਾ, ਹਰੇਕ ਦੇਸ਼ ਤੇ ਕੌਮ ਵਿਚ ਜਾਇਜ਼ ਹੀ ਮਿਥੇ ਗਏ ਸਨ। ਸਤਿਗੁਰੂ ਜੀ ਨੇ "ਅੰਮ੍ਰਿਤ" ਦਾ ਪ੍ਰਣ ਲੈ ਕੇ, ਇਸ ਦੇ ਵਿਰੁਧ ਇਤਨੀ ਕਰੜਾਈ ਵਰਤੀ ਕਿ ਵੈਰੀ ਦੀ ਭੀ ਇਸਤ੍ਰੀ ਦੀ ਇੱਜ਼ਤ ਨੂੰ ਹੱਥ ਪਾਣ ਵਾਲੇ ਸਿੰਘ ਨੂੰ ਗੁਰੂ-ਘਰ ਤੋਂ ਖਾਰਜ ਕਰਨ ਦਾ ਹੁਕਮ ਦੇ ਦਿੱਤਾ। ਇਸ ਦਾ ਨਤੀਜਾ ਇਹ ਨਿਕਲਿਆ ਕਿ ਵੈਰੀਆਂ ਨੇ ਭੀ ਸਿੰਘਾਂ ਦੇ ਉਚੇ ਆਚਰਨ ਨੂੰ ਇਉਂ ਸਲਾਹਿਆ :—

*ਜ਼ਰੋ ਜ਼ੇਵਰੇ ਜ਼ਨ ਬ-ਤਾਰਾਜ ਨੀਜ਼।
ਨ ਗੀਰੰਦ ਗਰ ਮੁਹਰਾ ਅਸਤ ਵਰ ਕਨੀਜ਼॥
ਜ਼ਨਾਹ ਹਮ ਨ ਬਾਸ਼ਦ ਮਿਆਨੇ ਸਗਾਂ।
ਨ ਪੈਦਾਸਤ ਸਾਰਕ ਦਰਾਂ ਬਦ-ਰਗਾਂ॥

( ੨ )

ਹਿੰਦੂ ਧਰਮ ਦੇ ਆਗੂਆਂ ਨੇ ਸਦੀਆਂ ਤੋਂ ਜਾਤੀ-ਵੰਡ ਕਰਕੇ 'ਬੀਰਤਾ' ਖਤਰੀ ਜਾਤੀ ਦੇ ਹਿੱਸੇ ਵਿਚ ਕਰ ਦਿੱਤੀ ਹੋਈ ਸੀ। ਇਸ ਦਾ ਮਿੱਟਾ ਇਹ ਨਿਕ-

---

*ਜ਼ੇਵਰੇ ਜ਼ਨ—ਔਰਤ ਦਾ ਜ਼ੇਵਰ। ਬ-ਤਾਰਾਜ਼-ਲੁਟ ਵਿਚ। ਨੀਜ਼—ਅਤੇ ਭੀ। ਨ ਗੀਰੰਦ-ਨਹੀਂ ਪਕੜਦੇ। ਗਰ—ਭਾਵੇਂ, ਜੇ। ਮੁਹਰਾ—ਸੁੰਦਰੀ। ਵਰ-ਭਾਵੇਂ। ਕਨੀਜ਼—ਦਾਸੀ, ਲੌਂਡੀ। ਜ਼ਨਾਹ—ਵਿਭਚਾਰ। ਨ ਬਾਸ਼ਦ—ਨਹੀਂ ਹੁੰਦਾ। ਮਿਆਨੇ—ਵਿਚ। ਸਗਾਂ—ਕੁਤਿਆਂ, (ਸਿੱਖਾਂ)। ਪੈਦਾ ਅਸਤ—ਪੈਦਾ ਹੁੰਦਾ ਹੈ। ਸਾਰਕ—ਚੋਰ। ਦਰ ਆਂ—ਉਨ੍ਹਾਂ ਵਿਚ।

www.AKJ.Org

ਲਿਆ ਸੀ ਕਿ ਸਾਰੀ ਦੀ ਸਾਰੀ ਕੌਮ ਨਿਤਾਣੀ ਜਿਹੀ ਹੋ ਗਈ ਸੀ, ਪਠਾਣ ਤੇ ਮੁਗ਼ਲ ਰਾਜ ਵੇਲੇ ਹਿੰਦੂ ਜਨਤਾ ਆਪਣੇ ਮਾਣ ਤੇ ਇੱਜ਼ਤ ਦੀ ਰਾਖੀ ਵਾਸਤੇ ਰਾਜਪੂਤ ਤੇ ਮਰਹਟਿਆਂ ਉਤੇ ਹੀ ਆਸਾਂ ਲਾਈ ਰਖਦੀ ਸੀ।

ਸਤਿਗੁਰੂ ਜੀ ਨੇ "ਅੰਮ੍ਰਿਤ" ਦੇ ਪ੍ਰਣ ਵੇਲੇ ਹਰੇਕ ਅੰਮ੍ਰਿਤ-ਧਾਰੀ ਨੂੰ ਸ਼ਸਤਰ-ਧਾਰੀ ਰਹਿਣ ਦਾ ਹੁਕਮ ਦੇ ਕੇ ਮਨੁਖ-ਜਾਤੀ ਵਿਚੋਂ ਇਹ **ਕਾਇਰਤਾ ਤੇ ਨਿਤਾਣਾ-ਪਣ** ਕੱਢ ਦਿੱਤਾ। ਕੌਮ ਦੇ ਅੰਦਰ ਸ੍ਵੈ-ਮਾਣਤਾ ਦੀ ਲਹਿਰ ਚਲ ਪਈ।

(੩)

ਸਦੀਆਂ ਤੋਂ ਹਿੰਦੂ ਕੌਮ ਵਿਚ **ਉੱਚੀ ਨੀਵੀਂ ਜ਼ਾਤ** ਦਾ ਭਰਮ ਇਤਨਾ ਪ੍ਰਬਲ ਤੁਰਿਆ ਆ ਰਿਹਾ ਸੀ ਕਿ ਇਕ ਦੂਜੇ ਦੇ ਪਰਛਾਵੇਂ ਨਾਲ ਵੀ ਛੁਹਣਾ ਪਾਪ ਸਮਝਿਆ ਜਾਂਦਾ ਸੀ। ਇਸ ਅਛੂਤ-ਪੁਣੇ ਦੇ ਵਿਰੁਧ ਸਤਿਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਹਰੇਕ ਗੁਰੂ ਨੇ ਜ਼ੋਰ-ਦਾਰ ਪ੍ਰਚਾਰ ਕੀਤਾ, ਲੰਗਰ ਵਿਚ ਪੰਗਤ ਸਾਂਝੀ ਸ਼ੁਰੂ ਹੋ ਗਈ। ਗੁਰੂ ਗੋਬਿੰਦ ਸਿੰਘ ਜੀ ਨੇ ਤਾਂ "ਅੰਮ੍ਰਿਤ" ਇਕੋ ਬਾਟੇ ਵਿਚ ਛਕਾ ਕੇ ਇਸ ਅਛੂਤ-ਪੁਣੇ ਨੂੰ ਜੜ੍ਹਾਂ ਤੋਂ ਹੀ ਕੱਟ ਦਿਤਾ।

(੪)

**ਮੌਸਮੀ ਤਿਉਹਾਰ** ਹਰ ਇਕ ਦੇਸ ਵਿਚ ਮਨਾਏ ਜਾਂਦੇ ਹਨ। ਇਹਨਾਂ ਦਾ ਮਨਾਣਾ ਲੋਕਾਂ ਦੀ ਸੇਹਤ ਤੇ ਸੁਭਾਉ ਉਤੇ ਚੰਗਾ ਅਸਰ ਪਾਂਦਾ ਹੈ। ਹਿੰਦੂ ਜਾਤੀ ਨੇ ਇਹਨਾਂ ਤਿਉਹਾਰਾਂ ਨੂੰ ਧਾਰਮਿਕ ਰੰਗਣ ਦੇ ਦਿੱਤੀ। ਸਹਿਜੇ ਸਹਿਜੇ ਕਈ ਤਿਉਹਾਰ ਬੜੇ ਗੰਦੇ ਤਰੀਕੇ ਨਾਲ ਮਨਾਏ ਜਾਣ ਲੱਗ ਪਏ, ਖਾਸ ਕਰ ਕੇ "ਹੋਲੀਆਂ"। ਇਕ ਦੂਜੇ ਦੇ ਉਤੇ ਗੰਦ ਸੁਟਣ ਤਕ ਭੀ ਆ ਅਪੜਨਾ, ਪਿੰਡਾਂ ਵਿਚ ਕੰਜਰੀਆਂ ਦੇ ਮੁਜਰੇ ਕਰਾਣੇ, ਜਿਥੇ ਸ਼ਰਾਬ ਦਾ ਦੌਰ ਭੀ ਚੱਲਣਾ। ਇਸ ਤਰ੍ਹਾਂ ਭਾਈਚਾਰਕ ਵਸੇਬੇ ਵਿਚ ਕਈ ਉਪਾਧੀਆਂ ਪੈਦਾ ਹੋਣ ਲੱਗ ਪਈਆਂ। ਆਪੋ ਵਿਚ ਤੇ ਗੁਆਂਢੀ ਕੌਮ ਨਾਲ ਫਸਾਦ ਹੋ ਪੈਣੇ—ਇਹ ਗੱਲ ਆਮ ਹੋ ਗਈ।

ਸਤਿਗੁਰੂ ਜੀ ਨੇ ਸਾਰੀ ਦੀ ਸਾਰੀ ਸਿਖ ਕੌਮ ਨੂੰ ਇਸ ਗੰਦੇ ਰਿਵਾਜ ਤੋਂ ਵਰਜ ਕੇ ਦਿਹ ਦਿਨ ਸ਼ਸਤਰ-ਅਭਿਆਸ ਵਾਸਤੇ ਨੀਅਤ ਕਰ ਦਿਤੇ, ਜਿਸ ਦਾ

www.AKJ.Org

ਨਤੀਜਾ ਇਹ ਨਿਕਲਿਆ ਕਿ ਇਕ ਤਾਂ ਸਿਖ ਕੌਮ ਉਸ ਗੰਦੇ ਰਿਵਾਜ ਵਲੋਂ ਹੱਟ ਕੇ ਉਸ ਦੇ ਕਾਰਣ ਪੈਦਾ ਹੋ ਰਹੀਆਂ ਇਖਲਾਕੀ ਕਮਜ਼ੋਰੀਆਂ ਤੋਂ ਬਚ ਗਈ, ਦੂਜੇ, ਸ਼ਸਤਰ-ਅਭਿਆਸ ਦੀ ਬਰਕਤ ਨਾਲ "ਬੀਰਤਾ" ਪੈਦਾ ਹੋ ਗਈ।

(ਪ

ਹਿੰਦੂ ਜਨਤਾ ਨਿਰੀ ਰਾਜਸੀ ਗੁਲਾਮੀ ਵਿਚ ਹੀ ਨਹੀਂ ਫੱਸੀ ਹੋਈ ਸੀ, ਦਿਮਾਗੀ ਤੌਰ ਤੇ ਭੀ ਗ਼ੁਲਾਮੀ ਦੇ ਇਤਨੇ ਜੰਜੀਰ ਪਏ ਹੋਏ ਸਨ ਕਿ ਆਮ ਹਿੰਦੂ ਸੱਜਣ ਦੀ ਰੋਜ਼ਾਨਾ ਜ਼ਿੰਦਗੀ ਡਾਢੀ ਹਾਸੋ ਹੀਣੀ ਹੋ ਚੁਕੀ ਸੀ। ਇਤਨੇ **ਭਰਮ-ਵਹਿਮ** ਵਧੇ ਹੋਏ ਸਨ ਕਿ ਜੀਵਨ ਦਾ ਕੋਈ ਭੀ ਉੱਦਮ ਇਹਨਾਂ ਦੇ ਅਸਰ ਤੋਂ ਬਚਿਆ ਨਹੀਂ ਸੀ। ਏਥੋਂ ਤਕ, ਕਿ ਜੇ ਇਕ ਜ਼ਿਮੀਂਦਾਰ ਨਵੇਂ ਫਸਲ ਵਾਸਤੇ ਜ਼ਿਮੀਂ ਵਾਹੁਣ ਜਾਂਦਾ ਸੀ ਤਾਂ ਪਾਂਧੇ ਨੂੰ ਪਹਿਲਾਂ ਪੁੱਛਦਾ ਕਿ ਭੁਇ ਜਾਗਦੀ ਹੈ ਜਾਂ ਸੁੱਤੀ ਹੋਈ। ਜੇ ਕੋਈ ਮਨੁੱਖ ਘਰੋਂ ਵਾਂਢੇ ਤੁਰਦਾ ਤਾਂ ਪੰਡਤ ਤੋਂ ਮਹੂਰਤ ਪੁੱਛ ਕੇ, ਜੇ ਉਸ ਪਾਸੇ ਦਾ ਮਹੂਰਤ ਨਾ ਫਬਦਾ ਹੋਵੇ ਤਾਂ ਪੈਂਤੜਾ ਆਦਿਕ ਰੱਖਣਾ ਪੈਂਦਾ ਸੀ।

ਕਈ ਹਾਨੀਕਾਰਕ ਮਿਥੇ ਹੋਏ ਦੇਵਤਿਆਂ ਦੀ ਪ੍ਰਸੰਨਤਾ ਹਾਸਲ ਕਰਨ ਵਾਸਤੇ ਉਹਨਾਂ ਦੀ ਕਈ ਕਿਸਮ ਦੀ ਉਪਾਸ਼ਨਾ ਕੀਤੀ ਜਾਂਦੀ ਸੀ, ਜਿਵੇਂ ਛਨਿਛਰ ਦੇਵਤੇ ਨੂੰ ਛਨਿਛੱਰ ਵਾਰ ਮਾਂਹ, ਤੇਲ, ਲੋਹਾ ਆਦਿਕ ਭੇਟ ਕਰਨਾ।

ਗੁਰੂ ਗੋਬਿੰਦ ਸਿੰਘ ਜੀ ਨੇ ਇਹਨਾਂ ਭਰਮਾਂ-ਵਹਿਮਾਂ ਦੇ ਵਿਰੁਧ ਖਾਸ ਕਰੜਾਈ ਵਰਤੀ, ਕਈ ਮੌਕਿਆਂ ਤੇ ਪਰਖ ਭੀ ਕੀਤੀ ਕਿ ਸਿੰਘ ਕਿਤੇ ਅਜੇ ਭੀ ਇਹਨਾਂ ਵਹਿਮਾਂ ਦਾ ਸ਼ਿਕਾਰ ਤਾਂ ਨਹੀਂ ਹਨ; ਚੁਨਾਚਿ "ਕੜਾ" ਛਨਿਛੱਰ ਦੇਵਤੇ ਦੇ ਦਬਾਉ ਹੇਠੋਂ ਕੱਢਣ ਦੀ ਯਾਦਗਾਰ ਵਿਚ ਹਰੇਕ ਸਿੱਖ ਨੂੰ ਪਹਿਨਣ ਦਾ ਹੁਕਮ ਹੋਇਆ ਸੀ। 'ਖਾਲਸੇ' ਵਾਸਤੇ ਇਹ ਇਕ ਅਟੱਲ ਹੁਕਮ ਹੈ :-

"ਜਾਗਤ ਜੋਤਿ ਜਪੈ ਨਿਸ ਬਾਸੁਰ, ਏਕ ਬਿਨਾ ਮਨਿ ਨੈਕ ਨ ਆਨੈ।"

www.AKJ.Org

# ਪੰਥ ਦੇ ਵਾਲੀ (੧)

ਭਾਈ ਰਣਜੀਤ ਸਿੰਘ ਜੀ (ਮਿਸ਼ਨਰੀ)

ਪੰਥ ਦੇ ਵਾਲੀ ਅਖਵਾਉਣ ਦਾ ਮਾਣ ਗੁਰੂ ਨਾਨਕ ਦੇਵ ਜੀ ਦੇ ਦਸਵੇਂ ਜਾਮੇ, ਦਸਮ ਪਾਤਿਸ਼ਾਹ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਪ੍ਰਾਪਤ ਹੋਇਆ ਹੈ। ਅਸੀਂ ਬੜੀ ਸ਼ਰਧਾ ਤੇ ਮਾਣ ਨਾਲ ਉਨ੍ਹਾਂ ਨੂੰ ਅੰਮ੍ਰਿਤ ਕੇ ਦਾਤਾ, ਦੋ ਜਹਾਨ ਦੇ ਵਾਲੀ, ਕਲਗੀਆਂ ਵਾਲੇ, ਸੱਚੇ ਪਾਤਿਸ਼ਾਹ, ਲੋਕ ਪ੍ਰਲੋਕ ਦੇ ਮਾਲਕ, ਨੀਲੇ ਘੋੜੇ ਵਾਲੇ, ਚਿਟਿਆਂ ਬਾਜਾਂ ਵਾਲੇ ਤੇ ਪੰਥ ਦੇ ਵਾਲੀ ਨਾਵਾਂ ਨਾਲ ਯਾਦ ਕਰਦੇ ਹਾਂ ਅਤੇ ਵਾਰ ਵਾਰ ਇਹ ਨਾਮ ਲੈਣ ਨਾਲ ਇਕ ਅਨੋਖਾ ਅਨੰਦ ਮਾਣਦੇ ਹਾਂ। ਜੇ ਇਨ੍ਹਾਂ ਸ਼ਬਦਾਂ ਨੂੰ ਘੋਖਿਆ ਜਾਵੇ ਤਾਂ ਸਹਿਜੇ ਹੀ ਸਾਨੂੰ ਇਸ ਗੱਲ ਦਾ ਗਿਆਨ ਹੋ ਜਾਵੇਗਾ ਕਿ ਹਰ ਇਕ ਸ਼ਬਦ ਆਪਣੇ ਆਪ ਵਿਚ ਪੂਰਨ, ਇਤਿਹਾਸਕ ਤੇ ਭਾਵ-ਪੂਰਤ ਹੈ। ਕਥਨ ਦਾ ਭਾਵ ਇਹ ਕਿ ਹਰ ਇਕ ਸ਼ਬਦ ਇਕ ਅਨੋਖ ਫਲਸਫੇ (Philosophy) ਦਾ ਮਾਲਕ ਹੈ।

ਪਿਛਲੇ ਲੇਖ ਵਿਚ ਅਸਾਂ ਇਹ ਵੇਖਿਆ ਕਿ ਨੀਲੇ ਘੋੜੇ ਵਾਲੇ ਤੋਂ ਸਾਡਾ ਕੀ ਭਾਵ ਹੈ। ਇਸ ਲੇਖ ਵਿਚ ਅਸਾਂ ਕੇਵਲ ਇਹ ਹੀ ਵਿਚਾਰ ਕਰਨੀ ਹੈ ਕਿ ਪੰਥ ਤੋਂ ਸਾਡਾ ਭਾਵ ਕੀ ਹੈ? ਵਾਲੀ ਕਿਹੋ ਜਿਹਾ ਹੁੰਦਾ ਹੈ ਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਪੰਥ ਦੇ ਵਾਲੀ ਕਿਸ ਤਰ੍ਹਾਂ ਹਨ?

ਪੰਥ ਤੋਂ ਭਾਵ ਮਾਰਗ ਜਾਂ ਰਸਤਾ (ਪਰਮਾਤਮਾ ਦੀ ਪਰਾਪਤੀ ਦਾ) ਉਹ ਚੌੜੀ, ਖੁਲ੍ਹੀ ਸੜਕ ਜਿਸ ਵਿਚ ਹੋਰ ਅਨੇਕ ਪਰਕਾਰ ਦੇ ਛੋਟੇ ਮੋਟੇ ਰਸਤੇ ਆ ਕੇ ਮਿਲਦੇ ਹਨ ਅਤੇ ਆਪ ਧੁਰ ਤੋੜ ਆਪਣੀ ਮੰਜ਼ਲ ਵਲ ਵਧਦੀ ਚਲੀ ਜਾਂਦੀ ਹੈ। ਇਸ ਵਿਚ ਨਾ ਕੋਈ ਟਿਬੇ ਟੋਏ ਹਨ ਤੇ ਨਾ ਕੋਈ ਉਤਰਾ ਚੜ੍ਹਾ (Vicissitudes) ਹਨ। ਇਹ ਇਕ ਰਸ ਵਿਆਪਕ ਹੈ। ਜਿਤਨਾ ਇਹ ਮਾਰਗ ਆਰੰਭ ਵਿਚ ਸੁੰਦਰ ਤੇ ਸਪਸ਼ਟ ਹੈ, ਉਤਨਾ ਹੀ ਅੰਤ ਵਿਚ ਸੁੰਦਰ ਤੇ ਸਪਸ਼ਟ ਹੈ।

www.AKJ.Org

ਇਹ ਰਸਤਾ ਆਪਣੇ ਪਾਂਧੀਆਂ ਨੂੰ ਝੂਠੇ ਲਾਰੇ ਨਹੀਂ ਦਿੰਦਾ। ਇਹ ਇਸ ਗਲ ਦਾ ਹਾਮੀ ਨਹੀਂ, ਕਿ ਅਗੇ ਜਾ ਕੇ ਤੁਹਾਨੂੰ ਬਹਿਸ਼ਤ ਮਿਲੇਗਾ, ਜਿਥੇ ਸੁੰਦਰ ਬਾਗ਼ ਲਗੇ ਹੋਣਗੇ, ਸੁੰਦਰ ਨਦੀਆਂ ਆਪਣੀ ਮੌਜ ਵਿਚ ਚਲ ਰਹੀਆਂ ਹੋਣਗੀਆਂ। ਉਥੇ ਤੁਹਾਨੂੰ ਸੁੰਦਰ ਚੀਜ਼ਾਂ ਮਿਲਣਗੀਆਂ, ਤੁਹਾਨੂੰ ਹੂਰਾਂ ਮਿਲਣਗੀਆਂ, ਤੁਹਾਨੂੰ ਗ਼ਿਲਮਾਂ ਮਿਲਣਗੇ ਅਤੇ ਤੁਸੀਂ ਸਦਾ ਬਹਿਸ਼ਤ ਵਿਚ ਟਿਕੇ ਰਹੋਗੇ। ਰਬ ਦਾ ਸੱਚਾ ਆਸ਼ਕ, ਇਕ ਪਰਮਾਤਮਾ ਨੂੰ ਪਿਆਰ ਕਰਨ ਵਾਲਾ ਭਾਵੇਂ ਕਿਸੇ ਧਰਮ ਵਿਚ ਵੀ ਹੋਵੇ ਇਹਨਾਂ ਗੱਲਾਂ ਨੂੰ ਨਹੀਂ ਮੰਨਦਾ, ਉਹ ਆਪਣੇ ਇਸ ਜੀਵਨ ਨੂੰ ਜੋ ਕਿ ਬੜੀ ਮੁਦਤ ਪਿਛੋਂ ਮਿਲਿਆ ਹੈ, ਕਈ ਜਨਮਾਂ ਦੇ ਭਟਕਣ ਪਿਛੋਂ ਮਿਲਿਆ ਹੈ :–

"ਕਈ ਜਨਮ ਭਏ ਕੀਟ ਪਤੰਗਾ ॥
ਕਈ ਜਨਮ ਗਜ ਮੀਨ ਕੁਰੰਗਾ ॥
ਕਈ ਜਨਮ ਪੰਖੀ ਸਰਪ ਹੋਇਓ ॥
ਕਈ ਜਨਮ ਹੈਵਰ ਬ੍ਰਿਖ ਜੋਇਓ ॥੧॥
ਮਿਲੁ ਜਗਦੀਸ ਮਿਲਨ ਕੀ ਬਰੀਆ ॥
ਚਿਰੰਕਾਲ ਇਹ ਦੇਹ ਸੰਜਰੀਆ॥੧॥ਰਹਾਉ ॥
ਕਈ ਜਨਮ ਸਾਖ ਕਰਿ ਉਪਾਇਆ ॥
ਲਖ ਚਉਰਾਸੀਹ ਜੋਨਿ ਭ੍ਰਮਾਇਆ ॥੨॥
(ਗਉੜੀ ਗੁਆਰੇਰੀ ਮਹਲਾ ੫)

ਅਜਾਈਂ ਨਹੀਂ ਜਾਣ ਦਿੰਦਾ, ਉਹ ਇਸ ਜਨਮ ਦੀ ਕਦਰ ਕਰਦਾ ਹੈ, ਉਹ ਉਸ ਮਾਰਗ ਤੇ ਉਸ ਰਸਤੇ ਤੇ ਚਲਦਾ ਹੈ ਜੋ ਉਸ ਨੂੰ ਧੁਰ ਮੰਜ਼ਲ ਤਕ ਪਹੁੰਚਾ ਦੇਵੇ ਤੇ ਜਿਸ ਨਾਲ ਕਿ ਉਹ ਪਰਮਾਤਮਾ ਨਾਲ ਇਕ ਮਿਕ ਹੋ ਸਕੇ, ਜਿਵੇਂ ਕਿਰਨ ਸੂਰਜ ਵਿਚ ਲੀਨ ਹੋ ਜਾਂਦੀ ਹੈ ਤੇ ਪਾਣੀ ਪਾਣੀ ਵਿਚ ਹੋ ਜਾਂਦਾ ਹੈ।

ਸੂਰਜ ਕਿਰਣਿ ਮਿਲੇ ਜਲ ਕਾ ਜਲ ਹੂਆ ਰਾਮ ॥
ਜੋਤਿ ਜੋਤਿ ਰਲੀ ਸੰਪੂਰਨ ਥੀਆ ਰਾਮ ॥
(ਬਿਲਾਵਲ ਮ: ੫ ਛੰਤ)

ਉਹ ਉਸ ਰਸਤੇ ਨੂੰ ਨਹੀਂ ਫੜਦਾ ਜੋ ਅਗਲੇ ਜਨਮ ਦੇ ਝੂਠੇ ਲਾਰੇ ਲਾ ਕੇ ਇਸ ਜਨਮ ਦੀ ਕੀਮਤ ਘਟਾਉਂਦਾ ਹੋਵੇ। ਸਗੋਂ ਉਹ ਤਾਂ ਇਹਨਾਂ ਲਾਰਿਆਂ ਦੀ ਪਰਵਾਹ ਨਾ ਕਰਦਾ ਹੋਇਆ ਇਹ ਕਹਿੰਦਾ ਹੈ :–

ਬਹਿਸ਼ਤੋ ਹੂਰੋ ਗ਼ਿਲਮਾਂ ਇਵਜ਼ੇ ਤਾਇਤ ਮੈ ਨ ਮਾਨੂੰਗਾ,
ਇਨਹੀ ਬਾਤੋਂ ਸੇ ਐ ਜ਼ਾਹਿਦ ਜ਼ਈਫ਼ ਈਮਾਨ ਹੋਤਾ ਹੈ।
(ਡਾ: ਇਕਬਾਲ)

www.AKJ.Org

ਭਾਵ ਜੇਕਰ ਮੈਨੂੰ ਇਹ ਲਾਰੇ ਦਿਤੇ ਜਾਣ ਕਿ ਬਹਿਸ਼ਤਾਂ ਵਿਚੋਂ ਹੂਰਾਂ ਮਿਲਣਗੀਆਂ, ਗਿਲਮਾਂ ਮਿਲਣਗੇ। ਮੈਂ ਇਨ੍ਹਾਂ ਗਲਾਂ ਨੂੰ ਮੰਨਣ ਲਈ ਤਿਆਰ ਨਹੀਂ ਕਿਉਂਕਿ ਇਨ੍ਹਾਂ ਹੀ ਗਲਾਂ ਦੇ ਨਾਲ ਇਨਸਾਨ ਦਾ ਧਰਮ ਕਮਜ਼ੋਰ ਪੈ ਜਾਂਦਾ ਹੈ, ਇਨਸਾਨ ਆਪਣੇ ਰਸਤੇ ਤੋਂ ਥਿੜਕ ਜਾਂਦਾ ਹੈ, ਇਨਸਾਨੀਅਤ ਤੋਂ ਡਿਗ ਜਾਂਦਾ ਹੈ। ਸੱਚਾ ਆਸ਼ਕ ਆਪਣਾ ਸਭ ਕੁਝ ਇਸ ਜੀਵਨ ਵਿਚ ਆਪਣੇ ਪ੍ਰਭੂ, ਆਪਣੇ ਪਿਆਰੇ ਉਪਰ ਵਾਰ ਦਿੰਦਾ ਹੈ। ਭਾਈ ਸਾਹਿਬ ਨੰਦ ਲਾਲ (ਸਿੰਘ) ਜੀ ਫੁਰਮਾਉਂਦੇ ਹਨ :–

ਹਰ ਚਿ ਦਾਰੀ ਦਰ ਬਸਾਤੇ ਖ਼ੁਦ, ਨਸਾਰੇ ਯਾਰ ਕੁਨ।

ਭਾਵ :–ਜੋ ਵੀ ਤੇਰੀ ਪੂੰਜੀ ਵਿਚ ਹੈ (ਜੋ ਵੀ ਤੂੰ ਰਖਦਾ ਹੈਂ) ਆਪਣੇ ਪਿਆਰੇ ਉਪਰੋਂ ਵਾਰ ਦੇ। ਭਾਵ ਤਨ, ਮਨ, ਧਨ ਜੋ ਹੈ ਆਪਣੇ ਪਿਆਰੇ ਉਪਰੋਂ ਵਾਰਦੇ। ਅਸਲ ਵਿਚ ਜੇ ਦੇਖਿਆ ਜਾਵੇ ਤਾਂ ਸਭ ਕੁਝ ਪ੍ਰਮਾਤਮਾ ਦਾ ਹੈ, ਇਨਸਾਨ ਦਾ ਆਪਣਾ ਕੁਝ ਵੀ ਨਹੀਂ। ਇਸ ਪਰਥਾਏ ਕਬੀਰ ਜੀ ਫੁਰਮਾਉਂਦੇ ਹਨ :–

"ਕਬੀਰ ਮੇਰਾ ਮੁਝ ਮਹਿ ਕਿਛੁ ਨਹੀ, ਜੋ ਕਿਛੁ ਹੈ ਸੋ ਤੇਰਾ ॥
ਤੇਰਾ ਤੁਝ ਕਉ ਸਉਪਤੇ, ਕਿਆ ਲਾਗੈ ਮੇਰਾ ॥੨੦੩॥

ਇਸ ਮਾਰਗ ਉਪਰ ਚਲ ਕੇ ਇਨਸਾਨ ਆਪਣਾ ਆਪਾ ਸਮਪਰਣ ਕਰਨਾ ਸਿਖਦਾ ਹੈ, ਖ਼ੁਦਗਰਜ਼ੀ, ਈਰਖਾ, ਸਾੜਾ, ਠਗੀ, ਫਰੇਬ, ਝੂਠ ਤੇ ਬੇਈਮਾਨੀ ਤੋਂ ਉਤਾਂਹ ਉਠ ਕੇ ਬ੍ਰਹਮ ਗਿਆਨੀ ਦਾ, ਭਗਤ ਦਾ, ਸੰਤ ਦਾ ਜੀਵਨ ਬਤੀਤ ਕਰਨ ਸਿਖਦਾ ਹੈ, ਭੈੜੇ ਗੁਣਾਂ ਦਾ ਤਿਆਗ ਕਰਕੇ ਉਹਨਾਂ ਦੀ ਥਾਵੇਂ ਚੰਗੇ ਗੁਣਾਂ ਦਾ ਧਾਰਨੀ ਹੁੰਦਾ ਹੈ। ਇਸ ਮਾਰਗ ਉਪਰ ਚਲਣ ਵਾਲਾ ਉਹ ਕੰਮ ਨਹੀਂ ਕਰਦਾ ਜਿਸ ਤੋਂ ਲੱਜਾ, ਭੈ ਤੇ ਸ਼ੰਕਾ ਆਵੇ ਉਹ ਪਾਪ ਦਾ ਮਾਰਗ ਹੁੰਦਾ ਹੈ, ਉਹ ਧਰਮ ਦਾ ਮਾਰਗ ਨਹੀ ਹੁੰਦਾ, ਉਹ ਅਧਰਮ ਦਾ ਮਾਰਗ ਹੁੰਦਾ ਹੈ ਅਤੇ ਇਸ ਉਪਰ ਚਲਣ ਵਾਲਾ ਵੀ ਅਧਰਮੀ ਹੋ ਜਾਂਦਾ ਹੈ। ਧਰਮੀ ਤਾਂ ਉਹ ਤਦ ਅਖਵਾਏਗਾ ਜੇਕਰ ਉਹ ਚੰਗੇ ਕਰਮ ਕਰੇਗਾ, ਉਹ ਕਰਮ ਕਰੇਗਾ ਜਿਸ ਤੋਂ ਉਸ ਨੂੰ ਲੱਜਾ, ਭੈ ਤੇ ਸ਼ੰਕਾ ਪੈਦਾ ਨਾ ਹੋਏ। ਇਹ ਤਦ ਹੋ ਸਕੇਗਾ ਜੇਕਰ ਇਨਸਾਨ ਕਿਸੇ ਸਹੀ ਰਸਤੇ ਨੂੰ ਪਕੜੇ, ਉਸ ਰਸਤੇ ਉਪਰ ਚਲੇ, ਉਸ ਰਸਤੇ ਨੂੰ ਪਕੜੇ, ਜਿਸ ਉਪਰ ਚਲਦਿਆਂ ਇਨਸਾਨ ਚੰਗੇ ਗੁਣ ਸਿਖ ਸਕੇ ਤੇ ਭੈੜੇ ਗੁਣਾਂ ਦਾ ਤਿਆਗ ਕਰ ਸਕੇ। ਗੁਣਾਂ ਕਰ ਕੇ ਹੀ ਇਨਸਾਨ ਮਹਾਨ ਹੈ, ਗੁਣਾਂ ਕਰਕੇ ਹੀ ਇਨਸਾਨ ਭਗਤੀ ਕਰ ਸਕਦਾ ਹੈ, 'ਵਿਣੁ ਗੁਣ ਕੀਤੇ ਭਗਤਿ ਨ ਹੋਇ ॥' (ਜਪੁਜੀ) ਗੁਣਾਂ ਕਰਕੇ ਹੀ ਇਨਸਾਨ ਦੀ ਆਤਮਾ ਬਲਵਾਨ ਹੁੰਦੀ ਹੈ, ਗੁਣਾਂ ਕਰ ਕੇ ਹੀ ਇਨਸਾਨ ਵਿਚ

www.AKJ.Org

ਸ਼ਕਤੀ ਪੈਦਾ ਹੁੰਦੀ ਹੈ। ਇਹ ਗੁਣ ਹੀ ਹਨ ਜੋ ਭਗਤੀ ਤੇ ਸ਼ਕਤੀ ਦਾ ਮਿਲਾਪ ਕਰਾਉਂਦੇ ਹਨ ਅਤੇ ਪ੍ਰਮਾਤਮਾ ਨਾਲ ਸਾਂਝ ਪੈਦਾ ਕਰਦੇ ਹਨ, ਗੁਣ ਹੀਨ ਕਿਸੇ ਕੰਮ ਨਹੀਂ ਆ ਸਕਦਾ। ਉਸ ਨੇ ਕਿਸੇ ਦੇ ਤਾਂ ਕੀ ਕੰਮ ਆਉਣਾ ਹੋਇਆ ਉਹ ਆਪਣੇ ਕੰਮ ਵੀ ਨਹੀਂ ਆ ਸਕਦਾ। ਸੋ ਗੁਣ ਸਾਡੇ ਸਦੀਵ ਕਾਲ ਤੋਂ ਸਾਥੀ ਹਨ ਅਤੇ ਅੰਤ ਸਮੇਂ ਇਹਨਾਂ ਗੁਣਾਂ ਨੇ ਹੀ ਸਾਡੇ ਸਹਾਈ ਹੋਣਾ ਹੈ। ਜਿਥੇ ਗੁਣ ਹਨ ਉਥੇ ਅਵਗੁਣ ਨਹੀਂ। ਜਿਥੇ ਚਾਨਣ ਹੈ ਉਥੇ ਅੰਧੇਰਾ ਨਹੀਂ ਰਹਿ ਸਕਦਾ। ਸੋ ਇਹ ਮਾਰਗ ਗੁਣਾਂ ਦਾ ਮਾਰਗ ਹੈ। ਜਿਸ ਤਰ੍ਹਾਂ ਬਿਜਲੀ ਦੇ ਬਟਨ ਨੂੰ ਦਬਾਉਣ ਨਾਲ ਕਮਰਾ ਰੋਸ਼ਨ ਹੋ ਜਾਂਦਾ ਹੈ ਅਤੇ ਅੰਧੇਰਾ ਭਾਵੇਂ ਕਿਤਨੀ ਦੇਰ ਦਾ ਭੀ ਕਿਉਂ ਨਾ ਹੋਵੇ, ਜਾਣੋ ਇਨਕਾਰ ਨਹੀਂ ਕਰ ਸਕਦਾ। ਇਸੇ ਤਰ੍ਹਾਂ ਇਨਸਾਨ ਦੀ ਅਵਸਥਾ ਹੈ। ਇਨਸਾਨ ਭਾਵੇਂ ਕਿਤਨੇ ਸਮੇਂ ਤੋਂ ਭਟਕਦਾ ਹੋਵੇ, ਜਦੋਂ ਵੀ ਇਸ ਗਾਡੀ ਰਾਹ ਉਪਰ ਆ ਜਾਂਦਾ ਹੈ, ਉਸ ਦੇ ਅੰਦਰ ਗੁਣ ਪ੍ਰਵੇਸ਼ ਹੋ ਜਾਂਦੇ ਹਨ ਤੇ ਅਵਗੁਣ ਭਜ ਜਾਂਦੇ ਹਨ। ਇਸੇ ਤਰ੍ਹਾਂ ਸਹਿਜੇ ਹੀ ਗੁਣਾਂ ਸਦਕਾ ਉਸਦੀ ਪ੍ਰਮਾਤਮਾ ਨਾਲ ਸਾਂਝ ਬਣ ਜਾਂਦੀ ਹੈ, ਉਹ ਪ੍ਰਮਾਤਮਾ ਨਾਲ ਅਭੇਦ ਹੋ ਜਾਂਦਾ ਹੈ :-

ਗੁਣਾ ਕਾ ਹੋਵੈ ਵਾਸੁਲਾ, ਕਢਿ ਵਾਸੁ ਲਈਜੈ ॥
ਜੇ ਗੁਣ ਹੋਵਨਿ ਸਾਜਨਾ, ਮਿਲਿ ਸਾਝ ਕਰੀਜੈ ॥
ਸਾਝ ਕਰੀਜੈ ਗੁਣਹ ਕੇਰੀ, ਛੋਡਿ ਅਵਗਣ ਚਲੀਐ ॥
[ਰਾਗ ਸੂਹੀ ਛੰਤ ਮ: ੧]

ਇਹ ਪੰਥ, ਇਹ ਮਾਰਗ ਮਧਯ-ਮਾਰਗ (Middle Path) ਹੈ। ਇਹ ਦਰਮਿਆਨੀ ਰਸਤਾ ਇਸ ਵਾਸਤੇ ਹੈ ਕਿ ਇਸ ਮਾਰਗ ਉਪਰ ਚਲਣ ਵਾਲਾ ਪ੍ਰਮਾਤਮਾ ਦੀ ਖੋਜ ਕਰਨ ਵਾਸਤੇ ਕਿਤੇ ਬਾਹਰ ਜੰਗਲਾਂ ਬੇਲਿਆਂ ਵਿਚ ਨਹੀਂ ਜਾਂਦਾ। ਉਸਦਾ ਪਰਮਾਤਮਾ ਉਸ ਦੇ ਮਨ ਅੰਦਰ ਹੁੰਦਾ ਹੈ।

"ਸਭ ਕਿਛੁ ਘਰਿ ਮਹਿ ਬਾਹਰਿ ਨਾਹੀ,
ਬਾਹਰ ਟੋਲੈ ਸੋ ਭਰਮਿ ਭੁਲਾਹੀ ॥" (ਮਾਝ ਮ: ੫)

ਇਸ ਪਰਥਾਇ ਫਰੀਦ ਜੀ ਵੀ ਇਉਂ ਫੁਰਮਾਉਂਦੇ ਹਨ :-

"ਫਰੀਦਾ ਜੰਗਲੁ ਜੰਗਲੁ ਕਿਆ ਭਵਹਿ, ਵਣਿ ਕੰਡਾ ਮੋੜਹਿ ॥
ਵਸੀ ਰਬੁ ਹਿਆਲੀਐ ਜੰਗਲੁ ਕਿਆ ਢੂਢੇਹਿ" ॥੧੯॥

ਫਰੀਦ ਜੀ ਵੀ ਇਹ ਹੀ ਕਹਿ ਰਹੇ ਹਨ ਕਿ ਪਰਮਾਤਮਾ ਜੰਗਲਾਂ ਵਿਚ ਕਸ਼ਟ ਸਹਾਰਨ ਨਾਲ ਨਹੀਂ ਮਿਲਦਾ, ਪ੍ਰਮਾਤਮਾ ਤਾਂ ਹਿਰਦੇ ਵਿਚ ਹੀ ਹੈ; ਇਸ ਲਈ ਜੰਗਲਾਂ ਵਿਚ ਭਟਕਣਾਂ ਫਜ਼ੂਲ ਹੈ।

ਭਾਈ ਸਾਹਿਬਨੰਦ ਲਾਲ (ਸਿੰਘ) ਜੀ ਵੀ ਇਹ ਕਹਿ ਰਹੇ ਹਨ ਕਿ ਜੰਗਲ ਬੇਲਿਆਂ ਵਿਚ ਤੂੰ ਪ੍ਰਮਾਤਮਾ ਨੂੰ ਭਾਲਦਾ ਕਿਉਂ ਫਿਰਦਾ ਹੈਂ, ਉਹ ਜੋਗੀਆਂ ਦਾ

www.AKJ.Org

ਸੁਲਤਾਨ ਤਾਂ ਤੇਰੀਆਂ ਅਖਾਂ ਵਿਚ ਹੀ ਡੇਰਾ ਲਾਈ ਬੈਠਾ ਹੈ।

"ਚਿਰਾ ਬੇਹੂਦਹ ਮੇ ਗਰਦੀ, ਬ ਸਹਰਾ ਓ ਬਦਸ਼ਤ ਐ ਦਿਲ ॥
ਚੂੰ ਆਂ ਸੁਲਤਾਨਿ ਖ਼ੂਬਾਂ ਕਰਦਹ, ਅੰਦਰ ਦੀਦਹ ਮੰਜ਼ਿਲਹਾ ॥"

ਸੋ ਇਸ ਮਾਰਗ ਉਪਰ ਚਲਣ ਵਾਲਾ ਪ੍ਰਮਾਤਮਾ ਦੀ ਖੋਜ ਵਾਸਤੇ ਕਿਤੇ ਬਾਹਰ ਜੰਗਲਾਂ ਬੇਲਿਆਂ ਵਿਚ ਨਹੀਂ ਜਾਂਦਾ, ਨਾ ਹੀ ਸਿਧਾਂ ਵਾਂਗ ਸੰਸਾਰ ਨੂੰ ਛਡ ਕੇ ਪਹਾੜ ਉਪਰ ਜਾ ਚੜ੍ਹਦਾ ਹੈ ਅਤੇ ਨਾਹੀ ਉਹ ਮਾਇਆ ਵਿਚ ਇਤਨਾ ਗਲਤਾਨ ਹੁੰਦਾ ਹੈ ਜਿਸ ਵਿਚੋਂ ਉਸਨੂੰ ਨਿਕਲਣਾ ਮੁਸ਼ਕਲ ਹੋ ਜਾਵੇ। ਉਹ ਭਲੀ ਪ੍ਰਕਾਰ ਜਾਣਦਾ ਹੈ ਕਿ ਮਾਇਆ ਵਿੱਚ ਫਸੇ ਇਨਸਾਨ ਦੀ ਕਦੇ ਤ੍ਰਿਪਤੀ ਨਹੀਂ ਹੁੰਦੀ।

"ਸਹਸ ਖਟੇ ਲਖ ਕਉ ਉਠਿ ਧਾਵੈ ॥
ਤ੍ਰਿਪਤਿ ਨ ਆਵੈ ਮਾਇਆ ਪਾਛੈ ਪਾਵੈ ॥" (ਗਉੜੀ ਸੁਖਮਨੀ ਮ: ੫)

ਸੋ ਜਿਥੇ ਇਹ ਮਾਰਗ ਆਪਣੇ ਪਾਂਧੀ ਨੂੰ ਜੰਗਲ ਬੇਲਿਆਂ ਤੋਂ ਭਟਕਣੋਂ ਰੋਕਦਾ ਹੈ ਉਥੇ ਮਾਇਆ ਵਿਚ ਖਚਤ ਨਹੀਂ ਹੋਣ ਦਿੰਦਾ। ਸਗੋਂ ਇਹ ਮਾਰਗ ਤਾਂ ਇਹ ਸਿਖਾਉਂਦਾ ਹੈ ਕਿ ਕਿਸ ਤਰਾਂ ਇਸ ਦੇ ਪਾਂਧੀ ਨੇ ਗ੍ਰਹਿਸਤ ਜੀਵਨ ਨੂੰ ਪਰਧਾਨ ਬਣਾਉਣਾ ਹੈ ਅਤੇ "ਹਸੰਦਿਆਂ, ਖੇਲੰਦਿਆਂ, ਪੈਨੰਦਿਆਂ, ਖਾਵੰਦਿਆਂ ਵਿਚੇ ਹੋਵੈ ਮੁਕਤਿ।" ਵਾਲਾ ਜੀਵਨ ਬਤੀਤ ਕਰਨਾ ਹੈ।

ਜਿਸ ਤਰਾਂ ਪਾਣੀ ਵਿਚ ਕਮਲ ਅਡੋਲ ਰਹਿੰਦਾ ਹੈ, ਇਸੇ ਤਰਾਂ ਇਸ ਮਾਰਗ ਦੇ ਪਾਂਧੀ ਨੇ ਮਾਇਆ ਵਿੱਚ ਰਹਿੰਦੇ ਹੋਏ ਵੀ ਇਸ ਤੋਂ ਬੇਲਾਗ ਰਹਿਣਾ ਹੈ। ਜਿਸ ਤਰਾਂ ਪਾਣੀ ਤੋਂ ਬਗ਼ੈਰ ਕਮਲ ਨਹੀਂ ਰਹਿ ਸਕਦਾ, ਇਸੇ ਤਰਾਂ ਇਸ ਮਾਰਗ ਦਾ ਪਾਂਧੀ ਮਾਇਆ (ਸੰਸਾਰ) ਨੂੰ ਛਡ ਕੇ ਕਿਤੇ ਹੋਰ ਨਹੀਂ ਰਹਿ ਸਕਦਾ। ਜਿਤਨੀ ਦੇਰ ਰਹੇਗਾ ਇਸ ਦੇ ਵਿਚੇ ਹੀ ਰਹੇਗਾ ਪਰ ਮਾਇਆ ਵਿਚ ਗ਼ਲਤਾਨ ਨਹੀਂ ਹੋਵੇਗਾ। ਅਸਲ ਗੱਲ ਤਾਂ ਇਹ ਹੈ ਕਿ ਇਨਸਾਨ ਖ਼ੁਦ ਮਾਇਆ ਦਾ ਪੁਤਲਾ ਹੈ। ਸੰਸਾਰ ਵਿਚ ਜੋ ਚੀਜ਼ ਨਜ਼ਰ ਆ ਰਹੀ ਹੈ, ਉਹ ਸਭ ਮਾਇਆ ਹੈ। ਫੇਰ ਦਸੋ ਮਾਇਆਂ ਤੋਂ ਇਨਸਾਨ ਕਿਸ ਤਰਾਂ ਛੁਟਕਾਰਾ ਪਾ ਸਕਦਾ ਹੋਇਆ? ਦੂਜੀ ਗਲ ਇਹ ਕਿ ਮਾਇਆ ਜੀਵ ਦੀ ਪੂਰਤੀ, ਜੀਵ ਦੇ ਵਿਕਾਸ ਵਾਸਤੇ ਹੈ, ਨਾ ਕਿ ਜੀਵ ਮਾਇਆ ਵਾਸਤੇ। ਤਾਂ ਦਸੋ ਫਿਰ ਜੀਵ ਮਾਇਆ ਦਾ ਗੁਲਾਮ ਕਿਉਂ ਬਣੇ? ਮਾਇਆ ਪਿਛੇ ਕਿਉਂ ਲਗੇ? ਮਾਇਆ ਵਿਚ ਖਚਤ ਕਿਉਂ ਹੋਵੇ? ਉਹ ਗੁਰੂਆਂ ਦੇ ਦਰਸਾਏ ਹੋਇ ਮਾਰਗ ਨੂੰ ਕਿਉਂ ਨ ਅਪਣਾਵੇ, ਜੋ ਸਿੱਧਾ ਤੇ ਸਪਸ਼ਟ ਹੈ?

ਪੰਥ ਦੇ ਦੂਜੇ ਅਰਥ ਹਨ ਧਰਮ ਜਾਂ ਮਤ। ਸਿਖ ਧਰਮ ਜਾਂ ਪੰਥ ਉਹ ਮਾਰਗ ਹੈ, ਉਹ ਗਾਡੀ ਰਾਹ ਹੈ, ਉਹ ਸ਼ਾਹੀ ਰਾਹ ਹੈ ਜਿਸ ਉਪਰ ਚਲਣ

www.AKJ.Org

ਵਾਲੇ ਪਾਂਧੀਆਂ ਤੇ ਪੰਧ ਦਾ ਆਪਸ ਵਿਚ ਇਤਨਾ ਸੰਬੰਧ ਹੋ ਜਾਂਦਾ ਹੈ ਕਿ ਇਨ੍ਹਾਂ ਨੂੰ ਵੱਖ ਨਹੀਂ ਕੀਤਾ ਜਾ ਸਕਦਾ । ਉਨ੍ਹਾਂ ਵਿਚ ਕੋਈ ਭਿੰਨ ਭੇਦ ਨਹੀਂ ਰਹਿ ਜਾਂਦਾ, ਉਹ ਇਕ ਰੂਪ ਹੋ ਜਾਂਦੇ ਹਨ ; ਭਾਵ ਇਹ ਕਿ ਪੰਥ (ਮਾਰਗ) ਤੇ ਪੰਥ (ਖਾਲਸਾ ਪੰਥ) ਵਿੱਚ ਕੋਈ ਭੇਦ ਨਹੀਂ ਰਹਿੰਦਾ । ਭਾਵ ਇਨ੍ਹਾਂ ਸ਼ਬਦਾਂ ਨੂੰ ਵਖ ਨਹੀਂ ਕੀਤਾ ਜਾ ਸਕਦਾ । ਜਿਵੇਂ ਇਕ ਬਸ ਨੂੰ ਵੇਖ ਕੇ ਇਹ ਕਹਿ ਦਿਤਾ ਜਾਂਦਾ ਹੈ ਕਿ ਬਸ ਆਈ ਹੈ ਜਾਂ ਇਕ ਗੱਡੀ ਨੂੰ ਵੇਖ ਕੇ ਇਹ ਕਹਿ ਦਿਤਾ ਜਾਂਦਾ ਹੈ ਕਿ ਗੱਡੀ ਆਈ ਹੈ। ਬਸ ਜਾਂ ਗਡੀ ਆਈ ਤੋਂ ਸਾਡਾ ਭਾਵ ਇਹ ਨਹੀਂ ਹੁੰਦਾ ਕਿ ਖਾਲੀ ਬਸ ਜਾਂ ਖਾਲੀ ਗਡੀ ਆਈ ਹੈ ਪਰ ਸਾਡਾ ਭਾਵ ਉਹਨਾਂ ਸਵਾਰੀਆਂ ਤੋਂ ਵੀ ਹੁੰਦਾ ਹੈ ਜੋ ਬਸ ਵਿੱਚ ਜਾਂ ਗਡੀ ਵਿੱਚ ਆਈਆਂ ਹੁੰਦੀਆਂ ਹਨ । ਸੋ ਪੰਥ ਦੇ ਦੋਵੇਂ ਹੀ ਭਾਵ ਲਏ ਜਾਂਦੇ ਹਨ, ਧਰਮ ਦੇ ਵੀ ਤੇ ਇਸ ਧਰਮ ਨੂੰ ਅਪਣਾਉਣ ਵਾਲਿਆਂ ਦੇ ਵੀ, ਪੰਧ ਦੇ ਵੀ ਤੇ ਪਾਂਧੀਆਂ ਦੇ ਵੀ ।

ਪੰਥ ਜਥੇਬੰਦੀ ਦਾ ਧਰਮ ਹੈ ਅਤੇ ਇਸ ਉਪਰ ਚਲਣ ਵਾਲੇ ਪੰਥੀ ਵੀ ਜਥੇਬੰਦ ਹਨ । ਉਹਨਾਂ ਦੇ ਸਾਂਝੇ ਅਸੂਲ ਹਨ । ਉਨ੍ਹਾਂ ਦੇ ਸਾਂਝੇ ਆਦਰਸ਼ ਹਨ । ਉਹ ਸਭ ਸਾਂਝੀਵਾਲਤਾ ਦੇ ਹਾਮੀ ਹਨ, 'ਸਭੇ ਸਾਂਝੀਵਾਲ ਸਦਾਇਨਿ ।

ਹੇਠ ਲਿਖੀਆਂ ਪੰਥ ਵਿਚ ਆਮ ਸਾਂਝਾਂ ਹਨ:–

ਸਭੇ [੧] ਇਕ ਅਕਾਲ-ਪੁਰਖ ਵਿੱਚ ਅਟਲ ਵਿਸਵਾਸ਼ ਰਖਦੇ ਹਨ ।

(੨) ਗੁਰੂ ਨਾਨਕ ਦੇਵ ਜੀ ਨੂੰ ਆਪਿ ਨਰਾਇਣੁ ਕਲਾ ਧਾਰਿ ਜਗ ਮਹਿ ਪਰਵਰਿਯਉ ਭਾਵ ਗੁਰੂ ਨਾਨਕ ਦੇਵ ਜੀ ਨੂੰ ਗੋਬਿੰਦ ਰੂਪ ਮੰਨਦੇ ਹਨ ।

(੩) ਬਾਕੀ ਨੌ ਗੁਰੂ ਸਾਂਹਿਬਾਨ ਨੂੰ ਨਾਨਕ ਜੋਤਿ ਜਾਂ ਨਾਨਕ ਰੂਪ ਮੰਨਦੇ ਹਨ ।

(੪) ਅੰਮ੍ਰਿਤ ਛਕਾਉਣ ਦੀ ਪਵਿਤ੍ਰ ਰਸਮ ਸਮੇਂ ਜਲ ਦਾ ਅੰਮ੍ਰਿਤ (Nectar) ਵਿੱਚ ਬਦਲਣਾ ਮੰਨਦੇ ਹਨ ।

(੫) ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਆਪਣਾ ਪਵਿਤਰ ਧਾਰਮਿਕ ਗ੍ਰੰਥ ਮੰਨਦੇ ਹਨ ।

(੬) ਵੰਡ ਛਕਣ ਵਿਚ ਯਕੀਨ ਰਖਦੇ ਹਨ ।

[੭] ਵੇਖ ਕੇ ਅਣਡਿਠ ਕਰਨਾ ਜਾਣਦੇ ਹਨ ।

[੮] ਅਕਾਲ-ਪੁਰਖ ਦਾ ਭਾਣਾ ਮੰਨਦੇ ਹਨ ।

]੯] ਸ਼ਰਬੱਤ ਦਾ ਭਲਾ ਚਾਹੁੰਦੇ ਹਨ ।

ਇਹ ਕੁਝ ਕੁ ਅਸੂਲ ਹਨ ਜਿਨ੍ਹਾਂ ਬਾਰੇ ਸਭ ਦਾ ਅਟੱਲ ਵਿਸਵਾਸ਼ ਹੈ । ਹੁਣ ਇਹਨਾਂ ਨੂੰ ਸਮਝਣ ਵਾਸਤੇ ਅਸੀਂ ਅਗਲੇ ਪਰਚੇ ਵਿਚ ਇਕ ਇਕ ਕਰ ਕੇ ਵੇਖਾਂਗੇ ।

www.AKJ.Org

# ਹੋਲਾ ਮਹੱਲਾ

ਭਾ: ਰਣਜੀਤ ਸਿੰਘ ਜੀ (ਮਿਸ਼ਨਰੀ)

ਰਸਮ ਤੇ ਰਿਵਾਜ ਕਿਸੇ ਦੇਸ਼ ਦੀ ਸਹਸਕ੍ਰਿਤੀ ਦੇ ਪ੍ਰਤੀਬਿੰਬ ਹੁੰਦੇ ਹਨ। ਰਸਮਾਂ ਤੇ ਰਿਵਾਜਾਂ ਤੋਂ ਕਿਸੇ ਦੇਸ਼, ਕਿਸੇ ਕੌਮ, ਕਿਸੇ ਇਨਸਾਨ ਦੇ ਸਭਿਅ, ਅਸਭਿਅ ਹੋਣ ਅਥਵਾ ਸੁਤੰਤਰ ਤੇ ਗੁਲਾਮ ਹੋਣ ਦਾ ਸਹਿਜੇ ਹੀ ਪਤਾ ਚਲ ਜਾਂਦਾ ਹੈ। ਰਸਮ ਤੇ ਰਿਵਾਜ ਆਪਾ ਪ੍ਰਗਟਾਉਣ ਦਾ ਇਕ ਸਾਧਨ ਹਨ, ਜੋ ਮੁੱਢ ਕਦੀਮ ਤੋਂ ਚਲੇ ਆਉਂਦੇ ਹਨ। ਕੋਈ ਵੀ ਦੇਸ਼, ਸਮਾਜ ਜਾਂ ਧਰਮ ਇਨ੍ਹਾਂ ਰਹੁ ਰੀਤੀਆਂ ਨੂੰ ਛਡਣ ਲਈ ਤਿਆਰ ਨਹੀਂ ਹੁੰਦਾ। ਨਾਹੀਂ ਕਿਸੇ ਕਿਸਮ ਦੀ ਇਨ੍ਹਾਂ ਵਿਰੁਧ ਕੋਈ ਅਵਾਜ਼ ਸੁਣਨ ਲਈ ਤਿਆਰ ਹੁੰਦਾ ਹੈ। ਰਹੁ ਰੀਤੀਆਂ ਸਮਾਜ ਦਾ ਜ਼ਰੂਰੀ ਅੰਗ ਹਨ ਤੇ ਇਨ੍ਹਾਂ ਨੂੰ ਬੰਦ ਨਹੀਂ ਕੀਤਾ ਜਾ ਸਕਦਾ। ਇਨ੍ਹਾਂ ਨੂੰ ਰੋਕਣ ਵਾਸਤੇ ਕਿਸੇ ਕਿਸਮ ਦਾ ਕਾਨੂੰਨ ਨਹੀਂ ਬਣਾਇਆ ਜਾ ਸਕਦਾ। ਸਗੋਂ ਇਨ੍ਹਾਂ ਰਸਮਾਂ ਤੇ ਰਿਵਾਜਾਂ ਨੂੰ ਚਾਲੂ ਰਖਣ ਵਾਸਤੇ ਮੌਕੇ ਦੀ ਸਰਕਾਰ ਭਾਵੇਂ ਕਿਤਨੀ ਭੀ ਜ਼ਾਲਮ ਕਿਉਂ ਨ ਹੋਵੇ, ਆਪਣੇ ਬਣਾਏ ਹੋਏ ਕਾਨੂੰਨਾ ਦੇ ਬ੍ਰਾਬਰ ਸਨਮਾਨ ਦਿੰਦੀ ਹੈ ਤੇ ਇਨ੍ਹਾਂ ਨੂੰ ਵੀ ਰਸਮੀ ਕਾਨੂੰਨਾਂ (Customary Laws) ਦੀ ਜ਼ੱਦ ਵਿਚ ਲੈ ਲੈਂਦੀ ਹੈ।

ਇਹ ਹੀ ਹਾਲ ਤਿਉਹਾਰਾਂ ਦਾ ਹੈ। ਹਰ ਇਕ ਸਮਾਜ ਦੇ, ਕੌਮ ਦੇ ਤੇ ਦੇਸ਼ ਦੇ ਆਪਣੇ ੨ ਤਿਉਹਾਰ ਹੁੰਦੇ ਹਨ ਅਤੇ ਉਨ੍ਹਾਂ ਨੂੰ ਇਹ ਬੜੇ ਪ੍ਰਿਅ ਹੁੰਦੇ ਹਨ। ਹਰ ਕੋਈ ਇਨ੍ਹਾਂ ਤਿਉਹਾਰਾਂ ਨੂੰ ਬੜੇ ਚਾਵਾਂ ਤੇ ਮਲਾਰਾਂ ਨਾਲ ਮਨਾਉਂਦਾ ਹੈ। ਸਾਲ ਵਧੀ ਇਨ੍ਹਾਂ ਤਿਉਹਾਰਾਂ, ਮੇਲਿਆਂ ਮਸਾਵਿਆਂ ਦੀ ਉਡੀਕ ਕੀਤੀ ਜਾਂਦੀ ਹੈ। ਜਿਉਂ ੨ ਸਮਾਂ ਬੀਤਦਾ ਚਲਿਆ ਜਾਂਦਾ ਹੈ, ਤਿਉਂ ੨ ਲੋਕੀਂ ਤਿਉਹਾਰਾਂ ਦੀ ਮਹਾਨਤਾ ਨੂੰ ਭੁਲਦੇ ਚਲੇ ਜਾਂਦੇ ਹਨ, ਇਨ੍ਹਾਂ ਦੇ ਅਸੂਲਾਂ ਨੂੰ ਭੁਲਦੇ ਚਲਦੇ ਜਾਂਦੇ ਹਨ। ਅਸੂਲਾਂ ਨੂੰ ਭੁਲ ਜਾਣ ਨਾਲ ਤਿਉਹਾਰਾਂ ਦੇ ਮਨਾਉਣ ਵਿਚ ਵੀ ਗਿਰਾਵਟ (Degredation) ਆ ਜਾਂਦੀ ਹੈ।

www.AKJ.Org

ਇਨ੍ਹਾਂ ਤਿਉਹਾਰਾਂ ਵਿਚੋਂ ਹੋਲੀ ਦਾ ਤਿਉਹਾਰ ਵੀ ਇਕ ਅਜੇਹਾ ਤਿਉਹਾਰ ਹੈ ਜਿਸ ਨੂੰ ਹਰ ਇਕ ਸ਼ਰੇਣੀ ਦੇ ਲੋਕ ਬੜੇ ਉਤਸ਼ਾਹ ਨਾਲ ਉਡੀਕਦੇ ਸਨ ਤੇ ਅਣਜਾਣ ਮਨ ਹੋਲੀ ਦੀ ਮਹੱਤਤਾ ਨੂੰ ਨ ਸਮਝਦੇ ਹੋਏ ਕੁਝ ਅਜੇਹੇ ਢੰਗ ਨਾਲ ਇਸ ਨੂੰ ਮਨਾਉਣ ਲਗ ਪਏ ਸਨ ਜੋ ਕਿ ਸਭਿਅ ਮਨ ਵਾਸਤੇ ਉਚਿਤ ਨਹੀਂ ਸੀ । ਚਾਹੀਦਾ ਤਾਂ ਇਹ ਸੀ ਕਿ ਇਸ ਦੀ ਮਹੱਤਤਾ ਨੂੰ ਬਰਕਰਾਰ (ਕਾਇਮ) ਰਖਣ ਵਾਸਤੇ ਕੁਝ ਅਜੇਹੇ ਕਦਮ ਚੁਕੇ ਜਾਂਦੇ, ਜਿਨ੍ਹਾਂ ਨਾਲ ਇਸ ਦੀ ਮਹੱਤਤਾ ਕਾਇਮ ਰਹਿ ਸਕਦੀ, ਪਰ ਹੋਇਆ ਇਸਦੇ ਬਿਲਕੁਲ ਉਲਟ ।

ਅਸਾਂ ਇਸ ਲੇਖ ਵਿਚ ਵਿਚਾਰ ਕਰਨੀ ਹੈ ਕਿ ਹੋਲੀ ਦੀ ਮਹੱਤਤਾ ਕੀ ਹੈ ? ਗੁਰੂ ਗੋਬਿੰਦ ਸਿੰਘ ਜੀ ਨੇ ਇਸ ਦੀ ਮਹੱਤਤਾ ਨੂੰ ਕਾਇਮ ਰਖਦਿਆਂ ਹੋਇਆਂ ਕਿਸ ਤਰਾਂ ਇਸ ਨੂੰ ਇਨਸਾਨੀਅਤ, ਸਮਾਜ, ਕੌਮ ਤੇ ਦੇਸ਼ ਦੇ ਭਲੇ ਹਿਤ ਵਰਤਿਆ ।

## ਹੋਲੀ ਦਾ ਅਰੰਭ

ਹੋਲੀ ਦੇ ਆਰੰਭ ਬਾਰੇ ਆਮ ਕਰਕੇ ਦੋ ਖਿਆਲ ਪਰਸਿੱਧ ਹਨ:–

(੧) ਇਹ ਤਿਉਹਾਰ, 'ਹੋਲਿਕਾਂ' ਜੋ ਹਰਨਾਖਸ਼ ਦੀ ਭੈਣ ਤੇ ਪ੍ਰਹਿਲਾਦ ਦੀ ਭੂਆ ਸੀ, ਦੇ ਅੱਗ ਵਿੱਚ ਸੜ ਜਾਣ ਤੇ ਭਗਤ ਪ੍ਰਹਿਲਾਦ ਦੇ ਅੱਗ ਤੋਂ ਬਚ ਜਾਣ ਕਰਕੇ ਮਨਾਇਆ ਜਾਂਦਾ ਹੈ। ਹੋਲਿਕਾਂ ਨੂੰ ਇਹ ਵਰ ਮਿਲਿਆ ਹੋਇਆ ਸੀ ਕਿ ਉਹ ਅੱਗ ਵਿੱਚ ਨਹੀਂ ਸੜੇਗੀ, ਪਰ ਉਸ ਨੂੰ ਇਸ ਦਾ ਮਾਣ ਹੋ ਗਿਆ ਸੀ। ਉਸ ਨੇ ਸੋਚਿਆ, "ਮੈਂ ਤਾਂ ਅੱਗ ਵਿੱਚ ਸੜਨਾ ਨਹੀਂ, ਕਿਉਂ ਨ ਹੋਵੇ, ਮੈਂ ਆਪਣੇ ਭਰਾ ਹਰਣਾਖਸ਼ ਦੀ ਮਦਦ ਕਰਾਂ ਜੋ ਆਪਣਾ ਨਾਮ ਜਪਾਉਣਾ ਚਾਹੁੰਦਾ ਹੈ।" ਇਹ ਸੋਚ ਕੇ ਉਹ ਪ੍ਰਹਿਲਾਦ ਨੂੰ ਆਪਣੇ ਕੁਛੜ ਵਿਚ ਲੈ ਕੇ ਅਗਨੀ ਵਿਚ ਬੈਠ ਗਈ । ਪ੍ਰਹਿਲਾਦ ਨੂੰ ਪ੍ਰਮਾਤਮਾ ਨੇ ਬਚਾ ਲਿਆ । ਬਚਾਉਂਦਾ ਵੀ ਕਿਉਂ ਨ ? ਉਹ ਤਾਂ ਆਪਣੇ ਭਗਤਾਂ ਦੀ ਸਦਾ ਲਾਜ ਰਖਦਾ ਆਇਆ ਹੈ ।

"ਭਗਤਾਂ ਦੀ ਸਦਾ ਰਖਦਾ ਹਰਿ ਜੀਉ ਧੁਰਿ ਤੂ ਰਖਦਾ ਆਇਆ"
(ਸੋਰਠਿ ਮ: ੩ ਘਰੁ ੧ ਤਿਤੁਕੀ)

ਸੋ ਲੋਕਾਂ ਨੇ ਹੋਲਿਕਾਂ ਦੇ ਸੜ ਮਰਨ ਤੇ ਪ੍ਰਹਿਲਾਦ ਦੇ ਬਚ ਜਾਣ ਉਪਰ ਬੜੀ ਖੁਸ਼ੀ ਮਨਾਈ । ਉਨ੍ਹਾਂ ਹੋਲਿਕਾਂ ਦੀ ਸੁਆਹ ਤਾਂ ਖੂਬ ਉਡਾਈ ਤੇ ਹਰ ਸਾਲ ਉਡਾਉਂਦੇ ਉਡਾਉਂਦੇ ਆਪ ਹੋਲਿਕਾਂ ਦਾ ਰੂਪ ਬਣ ਗਏ ਪਰ ਜੋ ਅਸਲ ਗਲ ਸੀ, ਜੋ ਅਸਲ ਮਹਾਨਤਾ ਸੀ, ਉਸ ਉਪਰ ਕਦੇ ਵੀ ਅਮਲ ਨ ਕੀਤਾ ।

www.AKJ.Org

ਉਨ੍ਹਾਂ ਕਦੇ ਵੀ ਪ੍ਰਹਿਲਾਦ ਨੂੰ ਯਾਦ ਨ ਕੀਤਾ। ਉਨ੍ਹਾਂ ਕਦੇ ਵੀ ਪ੍ਰਹਿਲਾਦ ਦੇ ਗੁਣਾਂ ਦੀ ਕਦਰ ਕਰਕੇ ਉਨ੍ਹਾਂ ਨੂੰ ਆਪਣੇ ਹਿਰਦੇ ਅੰਦਰ ਨ ਵਸਾਇਆ। ਚਾਹੀਦਾ ਤਾਂ ਇਹ ਸੀ ਕਿ ਉਹ ਪ੍ਰਹਿਲਾਦ ਦੀ ਤਰ੍ਹਾਂ ਪ੍ਰਮਾਤਮਾ ਦੀ ਭਗਤੀ ਕਰਦੇ, ਪ੍ਰਹਿਲਾਦ ਦੀ ਤਰ੍ਹਾਂ ਅਣਖ, ਗ਼ੈਰਤ ਤੇ ਨਿਡਰਤਾ ਦਾ ਜੀਵਨ ਬਤੀਤ ਕਰਦੇ। ਉਹ ਅਸੂਲ ਅਪਣਾਉਂਦੇ, ਜਿਨ੍ਹਾਂ ਸਦਕਾ ਉਸ ਬਾਲਕ ਅੰਦਰ ਇਤਨੀ ਬੀਰਤਾ ਪੈਦਾ ਹੋਈ।

ਪ੍ਰਹਿਲਾਦ ਨੂੰ ਅਨੇਕ ਪ੍ਰਕਾਰ ਦੇ ਤਸੀਹੇ ਦਿਤੇ ਗਏ ਪਰ ਫਿਰ ਵੀ ਉਹ ਅਡੋਲ ਰਿਹਾ। ਉਸਨੂੰ ਉਸ ਦੇ ਉਸਤਾਦਾਂ ਨੇ ਸਮਝਾਇਆ ਕਿ ਉਹ ਰਾਮ ਨਾਮ ਦਾ ਜਾਪ ਛਡ ਦੇਵੇ। ਉਸਨੂੰ ਉਸਦੀ ਮਾਤਾ ਨੇ ਰੋਕਿਆ, ਪਿਤਾ ਨੇ ਸਮਝਾਇਆ, ਡਰਾਇਆ, ਧਮਕਾਇਆ ਤੇ ਅਨੇਕ ਪ੍ਰਕਾਰ ਦੇ ਤਸੀਹੇ ਦਿਤੇ। ਪਰ ਪਰਮਾਤਮਾ ਦਾ ਸੱਚਾ ਭਗਤ ਬਾਲਕ ਪ੍ਰਹਿਲਾਦ ਆਪਣੇ ਆਦਰਸ਼ਾਂ ਤੋਂ ਨ ਹਟਿਆ। ਉਸ ਦਾ ਪ੍ਰਮਾਤਮਾ ਉਪਰ ਵਿਸਵਾਸ਼ ਅਟੱਲ ਰਿਹਾ, ਅੰਤ ਪ੍ਰਮਾਤਮਾ ਨੇ ਪ੍ਰਹਿਲਾਦ ਨੂੰ ਉਧਾਰਿਆ ਤੇ ਹਰਨਾਖਸ਼ ਆਪਣੇ ਨਖਾਂ ਦੇ ਨਾਲ ਉਪਾੜਿਆ। ਇਸ ਪਰਥਾਏ ਗੁਰੂ ਅਮਰਦਾਸ ਜੀ ਭੈਰਉ ਰਾਗੁ ਵਿਚ ਇਉਂ ਫੁਰਮਾਉਂਦੇ ਹਨ:–

"ਮੇਰੀ ਪਟੀਆ ਲਿਖਹੁ ਹਰਿ ਗੋਵਿੰਦ ਗੋਪਾਲਾ ॥ ਦੂਜੈ ਭਾਇ ਫਾਥੇ ਜਮ ਜਾਲਾ ॥ ਸਤਿਗੁਰੁ ਕਰੇ ਮੇਰੀ ਪ੍ਰਤਿਪਾਲਾ ॥ ਹਰਿ ਸੁਖ ਦਾਤਾ ਮੇਰੈ ਨਾਲਾ ॥੧॥ ਗੁਰ ਉਪਦੇਸਿ ਪ੍ਰਹਿਲਾਦ ਹਰਿ ਉਚਰੈ ॥ ਸਾਸਨਾ ਤੇ ਬਾਲਕੁ ਗਮੁ ਨ ਕਰੈ ॥ ੧ ॥ ਰਹਾਉ ॥ ਮਾਤਾ ਉਪਦੇਸੈ ਪ੍ਰਹਿਲਾਦ ਪਿਆਰੇ ॥ ਪੁਤ੍ਰ ਰਾਮ ਨਾਮ ਛੋਡਹੁ ਜੀਉ ਲੇਹ ਉਬਾਰੇ ॥ ਪ੍ਰਹਿਲਾਦੁ ਕਹੈ ਸੁਨਹੁ ਮੇਰੀ ਮਾਇ ॥ ਰਾਮ ਨਾਮੁ ਨ ਛੋਡ ਗੁਰਿ ਦੀਆ ਬੁਝਾਇ ॥ ੨ ॥ ਸੰਡਾ ਮਰਕਾ ਸਭਿ ਜਾਇ ਪੁਕਾਰੇ ॥ ਪ੍ਰਹਿਲਾਦ ਆਪਿ ਵਿਗੜਿਆ ਸਭਿ ਚਾਟੜੇ ਵਿਗਾੜੇ ॥ ਦੁਸ਼ਟ ਸਭਾ ਮਹਿ ਮੰਤ੍ਰੁ ਪਕਾਇਆ ॥ ਪ੍ਰਹਿਲਾਦ ਕਾ ਰਾਖਾ ਹੋਇ ਰਘੁਰਾਇਆ ॥ ੩ ॥ ਹਾਥਿ ਖੜਗੁ ਕਰਿ ਧਾਇਆ ਅਤਿ ਅਹੰਕਾਰਿ ॥ ਹਰਿ ਤੇਰਾ ਕਹਾ ਤੁਝੁ ਲਏ ਉਬਾਰਿ ॥ ਖਿਨ ਮਹਿ ਭੈਆਨ ਰੂਪ ਨਿਕਸਿਆ ਥੰਮ ਉਪਾੜਿ ॥ ਹਰਣਾਖਸ ਨਖੀ ਬਿਦਾਰਿਆ, ਪ੍ਰਹਲਾਦ ਲੀਆ ਉਬਾਰਿ ॥ ੪ ॥ ਸੰਤ ਜਨਾ ਕੇ ਹਰਿ ਜੀਉ ਕਾਰਜ ਸਵਾਰੇ ॥ ਪ੍ਰਹਲਾਦ ਜਨ ਕੇ ਇਕੀਹ ਕੁਲ ਉਧਾਰੇ ॥ ਗੁਰ ਕੇ ਸਬਦਿ ਹਉਮੈ ਬਿਖੁ ਮਾਰੇ ॥ ਨਾਨਕ ਰਾਮ ਨਾਮਿ ਸੰਤ ਨਿਸਤਾਰੇ ॥੫॥੧੦॥੨੦॥

www.AKJ.Org

(ਭੈਰਉ ਮਹਲਾ ੩)

ਇਸੇ ਤਰ੍ਹਾਂ ਭੈਰਉ ਰਾਗ ਵਿਚ ਹੀ ਇਕ ਥਾਂ ਹੋਰ ਗੁਰੂ ਅਮਰਦਾਸ ਜੀ ਇਸ ਪਰਥਾਏ ਇਉਂ ਫੁਰਮਾਉਂਦੇ ਹਨ:–

"ਪਿਤਾ ਪ੍ਰਹਿਲਾਦ ਪੜਣ ਪਠਾਇਆ ॥ ਲੈ ਪਾਟੀ ਪਾਂਧੇ ਕੈ ਆਇਆ

– – – – – – –

– – – – – – –

ਭਗਤਾ ਕਾ ਅੰਗੀਕਾਰ ਕਰਦਾ ਆਇਆ ॥
ਕਰਤੈ ਅਪਣਾ ਰੂਪੁ ਦਿਖਾਇਆ ॥੧੩॥੧॥੨॥

(ਭੈਰਉ ਮਹਲਾ ੩)

ਇਸ ਪ੍ਰਥਾਇ ਭਗਤ ਨਾਮ ਦੇਵ ਜੀ ਵੀ ਭੈਰਉ ਰਾਗ ਵਿਚ ਹੀ ਇਉਂ ਫੁਰਮਾਉਂਦੇ ਹਨ:–

"ਸੰਡਾ ਮਰਕਾ ਜਾਇ ਪੁਕਾਰੇ ॥ ਪੜੈ ਨਾਹੀ ਹਮ ਹੀ ਪਚਿ ਹਾਰੇ ॥

– – – – – –

– – – – – –

ਕਹਿ ਨਾਮਦੇਉ ਹਮ ਨਰ ਹਰਿ ਧਿਆਵਹ ਰਾਮ ਅਭੈ ਪਦ ਦਾਤਾ
॥੫॥੩॥੯॥

ਇਸ ਪ੍ਰਥਾਇ ਭਗਤ ਕਬੀਰ ਜੀ ਵੀ ਬਸੰਤੁ ਰਾਗੁ ਵਿਚ ਇਉਂ ਫੁਰਮਾਉਂਦੇ ਹਨ:–

"ਪ੍ਰਹਿਲਾਦ ਪਠਾਏ ਪੜਨਸਾਲ ॥ ਸੰਗਿ ਸਖਾ ਬਹੁ ਲੀਏ ਬਾਲ ॥

– – – – – –

– – – – – –

– – – – – –

ਕਹਿ ਕਬੀਰ ਕੋ ਲਖੈ ਨ ਪਾਰ ॥ ਪ੍ਰਹਿਲਾਦ ਉਧਾਰੇ ਅਨਿਕ ਬਾਰ ॥੫॥੪॥"

ਭਾਈ ਗੁਰਦਾਸ ਜੀ ਵੀ ਇਸ ਪਰਥਾਏ ਇਉਂ ਫੁਰਮਾਉਂਦੇ ਹਨ:–

"ਘਰਿ ਹਰਣਾਖਸ ਦੈਤ ਦੇ, ਕਲਰਿ ਕਵਲੁ ਭਗਤੁ ਪ੍ਰਹਿਲਾਦ"

– – – –

– – – –

ਜੈ ਜੈ ਕਾਰ ਕਰਨ ਬ੍ਰਹਮਾਦਿ ॥ ੨ ॥ ੧੦ ॥

(ਨੋਟ:–ਥਾਂ ਦੀ ਥੁੜ ਕਾਰਨ ਉਪਰੋਕਤ ਸ਼ਬਦਾਂ ਦੀਆਂ ਕੁਝ ਲਾਈਨਾਂ ਦਿਤੀਆਂ ਹਨ। ਅਸਲ ਵਿਚ ਇਹ ਪੂਰੇ ਸ਼ਬਦ ਹੀ ਇਸ ਪਰਥਾਇ ਹਨ।)

www.AKJ.Org

ਕੀ ਇਹ ਸ਼ੋਕ ਵਾਲੀ ਗਲ ਨਹੀਂ ਕਿ ਜਿਸ ਪ੍ਰਹਿਲਾਦ ਬਾਰੇ ਗੁਰੂ ਅਮਰਦਾਸ ਜੀ ਨੇ ਭੈਰਉ ਰਾਗ ਵਿਚ ਦੋ ਵਾਰ ਇਸ ਤਰ੍ਹਾਂ ਬਿਆਨ ਕੀਤਾ ਹੋਵੇ, ਜਿਸ ਪ੍ਰਹਿਲਾਦ ਬਾਰੇ ਨਾਮ ਦੇਵ ਜੀ ਵੀ ਭੈਰਉ ਰਾਗ ਦੇ ਉਪਰੋਕਤ ਸ਼ਬਦਾਂ ਵਿਚ ਆਪਣੇ ਖਿਆਲ ਪ੍ਰਗਟਾਉਣ, ਜਿਸ ਪ੍ਰਹਿਲਾਦ ਬਾਰੇ ਭਗਤ ਕਬੀਰ ਜੀ ਬਸੰਤੁ ਰਾਗ ਵਿੱਚ ਸ਼ਬਦ ਉਚਾਰਨ ਕਰਨ ਤੇ ਸਾਨੂੰ ਉਸ ਪ੍ਰਕਾਰ ਦਾ ਭਗਤ ਬਣਨ ਦਾ ਉਪਦੇਸ਼ ਦੇਨ ਅਤੇ ਜਿਸ ਪ੍ਰਹਿਲਾਦ ਨੂੰ ਭਾਈ ਗੁਰਦਾਸ ਜੀ ਵੀ ਆਪਣੀਆਂ ਵਾਰਾਂ ਵਿੱਚ ਬਿਆਨ ਕਰਨ, ਉਸ ਨੂੰ ਭੁਲਿਆ ਜਾਵੇ, ਉਸਦੇ ਗੁਣਾਂ ਦੀ ਕਦਰ ਨ ਕੀਤੀ ਜਾਵੇ, ਉਨ੍ਹਾਂ ਗੁਣਾਂ ਨੂੰ ਅਪਣਾਇਆ ਨ ਜਾਵੇ ?

ਗੁਰੂ ਗੋਬਿੰਦ ਸਿੰਘ ਜੀ ਨੇ ਉਨ੍ਹਾਂ ਅਸੂਲਾਂ ਨੂੰ, ਉਨ੍ਹਾਂ ਗੁਣਾਂ ਨੂੰ, ਜੋ ਪ੍ਰਹਿਲਾਦ ਵਿਚ ਸਨ, ਪ੍ਰਚਾਰਨ ਵਾਸਤੇ, ਖ ਲਸੇ ਨੂੰ ਸ਼ਸ਼ਤਰ ਅਤੇ ਯੁਧ-ਵਿਦਿਆ ਵਿਚ ਨਿਪੁੰਨ ਕਰਨ ਲਈ, ਅਨੰਦਪੁਰ ਦੀ ਪਵਿਤ੍ਰ ਭੋਇੰ ਵਿਚ, ਕਿਲਾ ਹੋਲਗੜ੍ਹ ਦੇ ਸਥਾਨ ਤੇ ਦੀਵਾਨ ਲਗਾ ਕੇ ਸੰਮਤ ੧੭੫੭ ਚੇਤ ਵਦੀ ੧ ਨੂੰ ਹੋਲਾ ਮਹੱਲਾ ਖੇਡਣ ਦੀ ਰੀਤ ਚਲਾਈ। ਗੁਰੂ ਜੀ ਇਸ ਸਮੇਂ ਆਪਣੀ ਫੌਜ ਨੂੰ ਦੋ ਦਲਾਂ ਵਿਚ ਵੰਡਦੇ ਤੇ ਇਕ ਖਾਸ ਥਾਂ ਤੇ ਕਬਜ਼ਾ ਕਰਨ ਲਈ ਹਮਲਾ ਕਰਵਾਉਂਦੇ ਆਪ ਇਸ ਮਸਨੂਈ ਜੰਗ ਦੇ ਕਰਤਬ (Manocuvre) ਵੇਖਦੇ ਅਤੇ ਦੋਹਾਂ ਦਲਾਂ ਦੀਆਂ ਊਣਤਾਈਆਂ ਦਸਦੇ। ਜੋ ਦਲ ਕਾਮਯਾਬ ਹੁੰਦਾ, ਉਸ ਨੂੰ ਦੀਵਾਨ ਵਿਚ ਸਿਰੋਪਾ ਬਖਸ਼ਦੇ। ਦੀਵਾਨਾਂ ਵਿਚ ਚੰਗੇ ਕਵੀਆਂ ਦਾ ਵੀ ਸਨਮਾਨ ਕੀਤਾ ਜਾਂਦਾ ਤੇ ਸਿਰੋ-ਪਾਉ ਬਖਸ਼ੇ ਜਾਂਦੇ। ਇਸ ਤਰ੍ਹਾਂ ਹਰ ਆਏ ਸਾਲ ਕਲਾ, ਹੁਨਰ ਤੇ ਬੀਰਤਾ ਦੀ ਕਦਰ ਕੀਤੀ ਜਾਂਦੀ। ਗੁਰੂ ਦੇ ਸਿਖ ਵੀ ਆਏ ਸਾਲ ਨਵਾਂ ਜੋਸ਼ ਤੇ ਉਤਸ਼ਾਹ ਲੈ ਕੇ ਚਾਈਂ ਚਾਈਂ ਘਰਾਂ ਨੂੰ ਜਾਂਦੇ ਅਤੇ ਅਗਲੇ ਸਾਲ ਵਾਸਤੇ ਤਿਆਰੀਅ ਕਰਦੇ। ਜਿਤਨੀ ਦੇਰ ਦਸਮੇਸ਼ ਪਿਤਾ ਅਨੰਦਪੁਰ ਸਾਹਿਬ ਰਹੇ, ਇਹ ਤਿਉਹਾਰ ਮਨਾਉਂਦਾ ਰਹੇ। ਅਜ ਖਾਲਸਾ ਪੰਥ ਵੀ ਇਸ ਪਵਿਤਰ ਤੇ ਸ਼ੁਭ ਤਿਉਹਾਰ ਨੂੰ ਗੁਰੂ ਆਸ਼ੇ ਅਨੁਸਾਰ ਮਨਾਉਂਦਾ ਚਲਾ ਆ ਰਿਹਾ ਹੈ।

ਇਹ ਤਿਉਹਾਰ ਮੌਸਮ ਦੀ ਤਬਦੀਲੀ ਕਾਰਨ ਤੇ ਸਰਦ ਰੁੱਤ ਦੇ ਬਤਚੀ ਹੋਣ ਦੀ ਖ਼ੁਸ਼ੀ ਵਿਚ ਮਨਾਇਆ ਜਾਂਦਾ ਹੈ।

ਗੁਰੂ ਗੋਬਿੰਦ ਸਿੰਘ ਜੀ ਨੇ ਇਨ੍ਹਾਂ ਦੋਹਾਂ ਖਿਆਲਾਂ ਨੂੰ ਇਕ ਲੜੀ ਵਿਚ ਪਰੋ ਦਿਤਾ ਹੈ। ਉਨ੍ਹਾਂ ਜਿਥੇ ਪ੍ਰਹਿਲਾਦ ਦੇ ਗੁਣਾਂ ਦੀ ਕਦਰ ਕਰਦਿਆਂ, ਖਾਲਸੇ ਵਿਚ ਅਣਖ, ਗੈਰਤ ਤੇ ਨਿਰਭੈਤਾ ਭਰਨ ਵਾਸਤੇ ਇਹ ਹੋਲਾ ਮਹੱਲਾ ਆਰੰਭ ਕੀਤਾ, ਉਥੇ ਇਹ ਵੀ ਦਰਸਾਇਆ ਕਿ ਸਦ-ਬਸੰਤ ਇਨਸਾਨ ਉਪਰ ਤਦ ਹੀ

www.AKJ.Org

ਰਹਿ ਸਕਦੀ ਹੈ, ਜੇ ਕਰ ਉਹ ਅਣਖ, ਗ਼ੈਰਤ ਤੇ ਨਿਰਭੈਤਾ ਦਾ ਧਾਰਨੀ ਹੋਵੇ, ਜੇ ਕਰ ਉਹ ਆਏ ਸਾਲ ਆਪਣੇ ਮੈਂ-ਪੜਚੋਲ ਕਰੇ ਅਤੇ ਆਪਣੀਆਂ ਕਮਜ਼ੋਰੀਆਂ ਤੋਂ ਉਤਾਂਹ ਉਠੇ।

ਸੋ ਇਸ ਤਰ੍ਹਾਂ ਗੁਰੂ ਗੋਬਿੰਦ ਜੀ ਨੇ ਹੋਲੀ ਦੇ ਮਨਾਉਣ ਢੰਗ ਨੂੰ ਬਦਲ ਕੇ ਇਸ ਦੀ ਪੁਰਾਤਨ। ਮਹੱਤਤਾ ਨੂੰ ਕਾਇਮ ਕੀਤਾ। ਉਨ੍ਹਾਂ ਸਿਖਾਂ ਵਿਚ ਨਵਾਂ ਜੋਸ਼, ਨਵੇਂ ਜਜ਼ਬੇ ਤੇ ਨਵੀਆਂ ਕੀਮਤਾਂ ਪੈਦਾ ਕੀਤੀਆਂ। ਅਜ ਵੀ ਖਾਲਸਾ ਉਨ੍ਹਾਂ ਪੂਰਨਿਆਂ ਉਪਰ ਚਲ ਰਿਹਾ ਹੈ।

ਭਾਈ ਸਰਦਾਰ ਸਿੰਘ ਜੀ ਪਟਿਆਲਾ ਨਿਵਾਸੀ ਦੇ ਪੂਜਨੀਕ ਮਾਤਾ ਜੀ ਦੇ ਚੜਾਈ ਕਰ ਜਾਣ ਕਾਰਨ, ਉਨ੍ਹਾਂ ਦੇ ਨਮਿਤ ਰਖੇ ਗਏ ਸ੍ਰੀ ਅਖੰਡ ਪਾਠ ਦੀ ਸਮਾਪਤੀ ਸਮੇਂ ਪੰਜ ਦਮੜੇ ਮਾਸਕ ਪੱਤਰ "ਸੂਰਾ" ਲਈ ਸਹਾਇਤਾ ਲਈ ਭੇਜੇ ਹਨ। ਸਾਡੀ ਸਚੇ ਪਾਤਿਸ਼ਾਹ ਅਗੇ ਅਰਦਾਸ ਹੈ ਕਿ ਸਤਿਗੁਰੂ ਮਾਤਾ ਜੀ ਦੀ ਆਤਮਾ ਨੂੰ ਸ਼ਾਂਤੀ ਬਖਸ਼ੇ ਤੇ ਪਿਛੇ ਪਰਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ੇ।

ਮੈਨੇਜਰ 'ਸੂਰਾ'

ਅੰਮ੍ਰਿਤਸਰ

www.AKJ.Org

# ਦਸਮ ਸ਼ਸਤਰ

(ਭਾਈ ਸਾਹਿਬ ਭਾਈ ਗੁਰਮੁਖ ਸਿੰਘ ਜੀ)

ਨਵੇਂ ਸਾਲ ਨੇ ਜਨਮ ਲਿਆ, ਇਕ ਨਵਾਂ ਸੁਨੇਹਾ ਲਿਆਇਆ। ਪਹਿਲੀ ਜਨਵਰੀ ੧੯੬੬ ਸੁਤੰਤਰਤਾ ਪ੍ਰਾਪਤੀ ਪਿਛੋਂ ਸਿਖ ਜਗਤ ਲਈ, ਨਹੀਂ ! ਨਹੀਂ ! ਭਾਰਤੀ ਕੌਮ ਲਈ ਇਕ ਇਤਿਹਾਸਕ ਦਿਨ ਸੀ, ਜਦੋਂ ਪੰਜ ਪਵਿਤਰ ਸ਼ਸਤਰ ਮੁੜ ਆਪਣੇ ਘਰ ਆਏ। ਕਿਡੇ ਉਤਮ ਭਾਗਾਂ ਵਾਲੇ ਇਹ ਸ਼ਸਤਰ ਹਨ, ਜਿਨ੍ਹਾਂ ਪ੍ਰੀਤਮ ਪਿਆਰੇ ਸ੍ਰੀ ਦਸਮੇਸ਼ ਜੀ ਦੇ ਹਸਤ ਕਮਲਾਂ ਦੀ ਛੋਹ ਪ੍ਰਾਪਤ ਕੀਤੀ।

ਹਾਂ ! ਇਹ ਉਹ ਸ਼ਸਤਰ ਹਨ, ਜਿਹੜੇ ਜ਼ਾਲਮਾਂ ਦਾ ਨਾਸ ਕਰਨ ਲਈ, ਦੁਖੀਆਂ ਦੀਨਾਂ ਦੀ ਰਖਿਆ ਕਰਨ ਲਈ ਵਰਤੇ ਗਏ। ਗੁਰੂ ਮਹਾਰਾਜ ਆਪਣੀ ਅਰਦਾਸ ਵਿਚ ਵੀ ਇਹਨਾਂ ਵਲ ਸੰਕੇਤ ਕਰਦੇ ਹਨ।

'ਸ਼ਸਤ੍ਰਨ ਸਿਉ ਅਤਿ ਹੀ ਰਣ ਭੀਤਰ ਜੂਝ ਮਰੋਂ ਤਉ ਸਾਚ ਪਤੀਜੈ'

ਇਹ ਸ਼ਸਤਰ, ਅਨੁਮਾਨ ਹੈ ਕਿ ਲਗ ਭਗ ਢਾਈ ਸੌ ਵਰੇ ਤੋਂ ਉਪਰ ਦੀ ਉਮਰ ਦੇ ਹਨ। ਇਹਨਾਂ ਉਹ ਜ਼ਮਾਨਾ ਦੇਖਿਆ ਹੈ ਜਦੋਂ ਭਾਰਤ ਤੇ ਜਰਵਾਣੇ ਰਾਜ ਕਰ ਰਹੇ ਸਨ। ਲੋਕ-ਤੰਤਰ ਨਹੀਂ, ਤਾਨਾਸ਼ਾਹ ਔਰੰਗਜ਼ੇਬ ਸੀ। ਧਰਮ ਦਾ ਨਹੀਂ ਧਕੇ ਦਾ ਰਾਜ ਸੀ। ਸਾਡੀ ਕੌਮ ਇਤਨੀ ਨਿਰਬਲ ਹੋ ਚੁਕੀ ਸੀ ਕਿ ਆਪਣੇ ਮਾਲ, ਇਜ਼ਤ ਅਤੇ ਜਾਨ ਦੀ ਰਖਿਆ ਨਹੀਂ ਸਨ ਕਰ ਸਕਦੇ। ਕੌਮ ਮਰੀ ਪਈ ਸੀ।

ਸੋਹਣੇ ਕਲਗੀਆਂ ਵਾਲੇ ਪਿਤਾ ਸਿੰਘਾਸਨ ਤੇ ਬੈਠਦਿਆਂ ਹੀ ਹੁਕਮ ਦਿੰਦੇ ਹਨ "ਪਿਆਰਿਓ। ਸ਼ਸਤਰ ਘੋੜਿਆਂ ਦੀ ਲੋੜ ਹੈ, ਜੋ ਸਿਖ ਸੰਗਤਾਂ ਸਾਨੂੰ ਮਿਲਣ ਆਉਣ ਸ਼ਸਤਰ ਲਿਆਉਣ ਘੋੜੇ ਲਿਆਉਣ।" ਦਸਵੇਂ ਗੁਰੂ ਨਾਨਕ ਜੀ ਦੇ ਇਸ ਹੁਕਮ ਤੋਂ ਸਿਖਾਂ ਵਿਚ ਅਤੇ ਆਸ ਪਾਸ ਦੇ ਪਹਾੜੀ ਰਾਜਿਆਂ ਵਿਚ ਚਰਚਾ ਹੋਈ। ਇਕਨਾਂ ਨੇ ਹੁਕਮ ਸਿਰ ਮਥੇ ਮੰਨਿਆ, ਦੂਜਿਆਂ ਨੇ ਔਰੰਗਜ਼ੇਬ ਨਾਲ ਰਲਕੇ ਗੁਰੂ ਜੀ ਵਿਰੁਧ ਸਾਜ਼ਸ਼ ਕੀਤੀ।

www.AKJ.Org

ਜਿਨ੍ਹਾਂ ਨੂੰ ਚਾਉ ਚੜ੍ਹਿਆ, ਉਹਨਾਂ ਖੰਡੇ ਦੀ ਪਾਹੁਲ ਛਕੀ ਅਤੇ ਉਹ ਵਸਤੂ ਧਾਰਨ ਕੀਤੀ ਜੋ ਗੁਰੂ ਸਾਹਿਬ ਨੂੰ ਪਿਆਰੀ ਸੀ-ਸ਼ਸਤਰ ! ਹੁਣ ਗੁਰੂ ਨਾਨਕ ਦਾ ਸਿਖ ਸ਼ਸਤਰ-ਧਾਰੀ ਸਿੰਘ ਹੋ ਗਿਆ। ਸ਼ਸਤਰ ਧਾਰਨਾ ਭਾਰਤੀ ਧਰਮਾਂ ਵਿਚ ਇਕ ਨਵੀਨ ਕਾਲ ਸੀ। ਅਗੇ ਵੀ ਲੋਕਾਂ ਨੇ "ਗ੍ਰਹਸਥੀ ਸੰਤ" ਦਾ ਨਮੂਨਾ ਬਹੁਤ ਹੀ ਅਚੰਭੇ ਨਾਲ ਵੇਖਿਆ ਸੀ ਪਰ ਹੁਣ ਤਾਂ ਹੈਰਾਨੀ ਦੀ ਹੱਦ ਨਾ ਰਹੀ, ਜਦੋਂ ਗ੍ਰਹਸਥੀ ਸੰਤ ਨੇ ਸ਼ਸਤਰ ਧਾਰਨ ਕਰ ਲਏ। ਹੁਣ 'ਸੰਤ-ਸਿਪਾਹੀ' ਨੇ ਅਕਾਲ-ਪੁਰਖ ਦੇ ਧੁਰੋਂ ਆਏ ਹੁਕਮ

'ਜਹਾਂ ਤਹਾਂ ਤੁਮ ਧਰਮ ਬਿਥਾਰੋ।
ਦੁਸਟ ਦੋਖੀਅਨ ਪਕਰਿ ਪਛਾਰੋ।'

ਲਈ ਕਮਰ ਕਸੇ ਕਰ ਲਏ। ਸ਼ਹੀਦੀਆਂ ਹੁਣ ਗੁਰੂ ਵਿਅਕਤੀ ਤਕ ਸੀਮਤ ਨਾ ਰਹੀਆਂ, ਇਸ ਦੇ ਜਾਮ ਸੰਤ-ਸਿਪਾਹੀਆਂ ਨੇ ਭਰ ਭਰ ਪੀਤੇ, ਗੁਰੂ ਨੇ ਪਿਲਾਏ ਅਤੇ ਅਮਰ ਹੋ ਗਏ।

ਇਹ ਸ਼ਸਤਰ ਆਮ ਸ਼ਸਤਰਾਂ ਵਾਂਗ ਸ਼ਸਤਰ ਨਹੀਂ। ਇਹਨਾਂ ਸ਼ਸਤਰਾਂ ਪਿਛੇ ਗੁਰੂ ਸਾਹਿਬ ਦੀ ਸਪਿਰਿਟ ਅਤੇ ਉਹਨਾਂ ਦੇ ਮਿਸ਼ਨ ਦੇ ਪਰਤੱਖ ਦਰਸ਼ਨ ਹੁੰਦੇ ਹਨ। ਜਦੋਂ ਇਹ ਸ਼ਸਤਰ ਪਾਲਮ ਹਵਾਈ ਅੱਡੇ ਤੇ ਪੁਜੇ ਤਾਂ ਇਹਨਾਂ ਦੇ ਸਵਾਗਤ ਲਈ ਬੇਸ਼ੁਮਾਰ ਸ਼ਰਧਾਲੂ ਜਨਤਾ ਪੁਜੀ। ਦੇਸ ਪ੍ਰਦੇਸ ਦੇ ਕਈ ਨੇਤਾ ਅਗੋਂ ਲੈਣ ਲਈ ਗਏ। ਦਿਲੀ ਦੀ ਸੰਗਤ ਨੇ ਜੋ ਨਿੱਘਾ ਸਵਾਗਤ ਕੀਤਾ ਉਸ ਨੇ ਮੁਗ਼ਲਾਂ ਦੇ ਵੇਲੇ ਦੇ ਕਲੰਕ ਨੂੰ ਧੋ ਦਿਤਾ। ਪੰਜਾਬ ਦੇ ਹੋਰਨਾਂ ਸ਼ਹਿਰਾਂ ਨੇ ਪਵਿਤਰ ਸ਼ਸਤਰਾਂ ਦੇ ਸਵਾਗਤ ਵਿਚ ਵਧ ਚੜ੍ਹ ਕੇ ਉਤਸ਼ਾਹ ਵਿਖਾਇਆ।

'ਸੂਰਾ' ਵੀ ਇਹਨਾਂ ਪਵਿਤਰ ਸ਼ਸਤਰਾਂ ਨੂੰ ਪੰਜਾਬ ਆਉਣ ਤੇ ਜੀ ਆਇਆਂ ਨੂੰ ਆਖਦਾ ਹੈ।

ਗੁਰੂ ਦਸ਼ਮੇਸ਼ ਜੀ ਸਾਰੇ ਭਾਰਤ ਦੇ ਸਾਂਝੇ ਸਨ। ਪਰ ਉਹਨਾਂ ਦੀ ਲੋਕ ਕਥਾ ਤੇ ਕੁਰਬਾਨੀਆਂ ਦੇ ਹਾਲ ਅਜੇ ਪੂਰੇ ਤੌਰ ਤੇ ਦੇਸ਼ ਦੇ ਦੂਜੇ ਭਾਗਾਂ ਵਿਚ ਨਹੀਂ ਪੁਜੇ। ਹੁਣ ਸੋਹਣਾ ਮੌਕਾ ਹੈ ਕਿ ਸ਼ਰੋਮਣੀ ਗੁ: ਪ੍ਰ: ਕਮੇਟੀ ਇਹਨਾਂ ਸ਼ਸਤਰਾਂ ਦਾ ਭਾਰਤ ਦੇ ਦੂਜਿਆਂ ਸੂਬਿਆਂ ਵਿਚ ਭੀ ਪਰਦਰਸ਼ਨ ਕਰੇ ਤਾਂ ਕਿ ਉਥੋਂ ਦੀ ਸਿਖ ਸੰਗਤਾਂ ਤੋਂ ਛੁਟ, ਹੋਰ ਭਾਰਤੀ ਵੀ ਦਰਸ਼ਨ ਕਰ ਸਕਣ। ਇਸ ਤਰ੍ਹਾਂ ਗੁਰੂ ਦਸ਼ਮੇਸ਼ ਜੀ ਦੀ ਤਿੰਨ ਸੌਵੀਂ ਵਰੇ ਗੰਢ ਤੇ ਸਾਰਾ ਭਾਰਤ ਉਹਨਾਂ ਦੇ ਮਿਸ਼ਨ ਤੋਂ ਵਾਕਫ਼ ਹੋਵੇ।

†

www.AKJ.Org

# ਪਾਠ ਕਰਨ ਵਿਚ ਪਰਚਲਤ ਭੁੱਲਾਂ

(ਭਾ: ਸਾਹਿਬ ਸੇਵਾ ਸਿੰਘ ਜੀ)

ਪੁਰਾਤਨ ਗੁਰਸਿਖਾਂ ਦਾ ਗੁਰਬਾਣੀ ਨਾਲ ਬੜਾ ਪਿਆਰ ਹੁੰਦਾ ਸੀ। ਗੁਰਬਾਣੀ ਦੀਆਂ ਪੋਥੀਆਂ ਹੱਥੀਂ ਲਿਖਣੀਆਂ, ਗੁਰਬਾਣੀ ਕੰਠ ਕਰਨੀ ਅਤੇ ਗੁਰਬਾਣੀ ਦੇ ਪਾਠਾਂ ਦੀ ਸੁਧਾਈ ਕਰਦੇ ਰਹਿਣਾ ਉਨ੍ਹਾਂ ਦੇ ਜੀਵਨ ਦਾ ਮੁੱਖ-ਉਦੇਸ਼ ਹੁੰਦਾ ਸੀ। ਅੱਜ ਦੇ ਸਮੇਂ ਵਿਚ ਅਜਿਹੇ ਗੁਰਮੁਖ ਪਿਆਰੇ ਟਾਵੇਂ ਹੀ ਨਜ਼ਰੀਂ ਪੈਂਦੇ ਹਨ।

ਗੁਰਬਾਣੀ ਦੇ ਪਾਠਾਂ ਦੇ ਸ਼ਬਦ-ਜੋੜਾਂ ਵੱਲ ਜੇ ਗਹੁ ਨਾਲ ਨਾ ਵੇਖੀਏ ਤਾਂ ਅਨੇਕਾਂ ਭੁੱਲਾਂ ਹੋ ਜਾਂਦੀਆਂ ਹਨ। ਜਪੁਜੀ ਅਤੇ ਰਹਿਰਾਸ ਸਾਹਿਬ ਵਿਚ ਕੇਵਲ 'ਸੋਦਰ' ਦੀ ਪਉੜੀ ਵੱਲ ਹੀ ਧਿਆਨ ਮਾਰੀਏ ਤਾਂ ਦੋਹੀਂ ਥਾਈਂ ਇਕੋ ਹੀ ਪਉੜੀ ਵਿਚ ਪਾਠਾਂ ਦੇ ੪੭ ਭੇਦ ਹਨ, ਅਤੇ ਆਸਾ ਰਾਗ ਵਿਚ ਜਾ ਕੇ ਇਸ ਪਉੜੀ ਦੇ ਪਾਠਾਂ ਵਿਚ ਹੋਰ ਵੀ ਫ਼ਰਕ ਪੈ ਜਾਂਦੇ ਹਨ।

ਕੀਰਤਨੀ ਆਸਾ ਦੀ ਵਾਰ ਗੁਰਸਿਖਾਂ ਲਈ ਅੰਮ੍ਰਿਤ-ਬੂਟੀ ਹੈ, ਜਿਸ ਦੇ ਅੰਮ੍ਰਿਤ-ਰਸ ਨੂੰ ਗੁਰਸਿਖ ਨਿੱਤ ਭੁੰਚਦੇ ਹਨ। ਪਰ 'ਆਸਾ ਦੀ ਵਾਰ' ਅਤੇ ਛੱਕੇ-ਛੰਦਾਂ ਦੇ ਪਾਠਾਂ ਤੇ ਸ਼ਬਦ-ਜੋੜਾਂ ਵੱਲ ਪੂਰਾ ਧਿਆਨ ਨ ਦੇਣ ਕਰਕੇ ਅਸੀਂ ਕਈ ਭੁੱਲਾਂ ਕਰ ਜਾਂਦੇ ਹਾਂ, ਜੋ ਕਿ ਸਹਿਜੇ ਸਹਿਜੇ ਪਰਚਲਤ ਹੁੰਦੀਆਂ ਜਾਂਦੀਆਂ ਹਨ। ਉਹ ਗੁਰੂ ਕੇ ਕੀਰਤਨੀਏ ਤੇ ਗੁਰੂ ਕੇ ਲਾਲ ਧੰਨ ਹਨ, ਜੋ ਇਨ੍ਹਾਂ ਸੁਧਾਈਆਂ ਵੱਲ ਸਮੇਂ ਸਮੇਂ ਸਾਡਾ ਧਿਆਨ ਦਿਵਾਂਦੇ ਰਹਿੰਦੇ ਹਨ। ਅਜਿਹੀਆਂ ਕੁਝ ਕੁ ਸੁਧਾਈਆਂ ਹੇਠ ਦਿੱਤੀਆਂ ਜਾਂਦੀਆਂ ਹਨ।

ਸੁੱਧ ਸਰੂਪ ਰਤਾ ਮੋਟੇ ਅਤੇ ਪੁੱਠੇ ਕਾਮਿਆਂ ਵਿਚ ਦਿੱਤੇ ਗਏ ਹਨ ਤੇ ਪਰਚਲਤ ਹੋ ਰਹੇ ਅਸੁੱਧ ਰੂਪ ਬਰੈਕਟਾਂ (    ) ਵਿਚ ਦਿੱਤੇ ਹਨ। ਇਨ੍ਹਾਂ ਬ੍ਰੈਕਟਾਂ ਵਿਚਲੇ ਅਸੁੱਧ ਪਾਠਾਂ ਤੋਂ ਸਾਨੂੰ ਬਚਣ ਦਾ ਜਤਨ ਕਰਨਾ ਚਾਹੀਦਾ ਹੈ।

੨੪ ਛਕਿਆਂ ਵਿਚੋਂ ੨੧ ਛੱਕਿਆਂ ਦੀਆਂ ਚੌਥੀਆਂ ਤੁਕਾਂ ਦਾ ਅਰੰਭ 'ਜਨ ਨਾਨਕ' ਨਾਲ ਹੈ, ਪਰ ੧੬ਵੇਂ ਵਿਚ 'ਜਿਨਾ ਨਾਨਕ', ੧੯ਵੇਂ ਵਿਚ 'ਜਿਨ ਨਾਨਕ' ਅਤੇ ੨੨ਵੇਂ ਵਿਚ 'ਜਿਨਾ ਨਾਨਕ' ਕਰ ਕੇ ਹੈ।

www.AKJ.Org

ਜਿਨਾ' ਨਾਨਕ ਗੁਰਮੁਖਿ ਹਿਰਦਾ ਸੁਧੁ ਹੈ ਹਰਿ ਭਗਤਿ ਹਰਿ ਲੀਜੈ ॥
—ਛੱਕਾ ੧੬

'ਜਿਨ' ਨਾਨਕੁ ਸਤਿਗੁਰੁ ਪੂਜਿਆ ਤਿਨ ਹਰਿ ਪੂਜ ਕਰਾਵਾ ॥
—ਛੱਕਾ ੧੮

'ਜਿਨਾ' ਨਾਨਕੁ ਸਤਿਗੁਰੁ ਭੇਟਿਆ ਤਿਨਾ ਮਿਲਿਆ ਹਰਿ ਸੋਈ ॥
ਛੱਕਾ ੨੨

ਇਸੇ ਤਰ੍ਹਾਂ ੧੩ਵਾਂ ਤੇ ੧੭ਵਾਂ, ਦੋਵੇਂ ਛੱਕੇ 'ਜਿਨ' ਨਾਲ ਅਰੰਭ ਹੁੰਦੇ ਹਨ, ਪਰ ੨੧ਵਾਂ ਅਤੇ ੨੩ਵਾਂ, ਦੋਵੇਂ ਛੱਕੇ ਜਿਨਾ' ਨਾਲ ਅਰੰਭ।

ਕੁਝ ਧਿਆਨ ਗੋਚਰੇ ਪਾਠ:—

ਓਥੈ 'ਸਚੇ' ਹੀ ਸਚਿ ਨਿਬੜੈ ਚੁਣਿ ਵਖਿ ਕਢੇ ਜਜਮਾਲਿਆ ॥
('ਸਚੋ' ਹੀ ਸਚ ਅਸੁਧ) —ਪਉੜੀ ੨

ਗਿਆਨ ਨ 'ਗਲੀਈ' ਢੂਢੀਐ ਕਥਨਾ ਕਰੜਾ ਸਾਰ ॥
('ਗਲੀ' ਅਸੁੱਧ) —ਪਉੜੀ ੪, ਸਲੋਕ ਨੰ: ੧

ਘੜੀਆ ਸਭੇ ਗੋਪੀਆ 'ਪਹਰ' ਕੰਨ ਗੋਪਾਲ ॥
('ਪਹਰੇ' ਅਸੁੱਧ) —ਪਉੜੀ ੫, ਸਲੋਕ ਨੰ: ੨

ਜੋ ਆਇਆ ਸੋ ਚਲਸੀ ਸਭੁ 'ਕੋਈ' ਆਈ ਵਾਰੀਐ ॥
('ਕੋ' ਅਸੁੱਧ) —ਪਉੜੀ ੨੦

ਨਾਨਕ ਸਾ 'ਕਰਮਾਤਿ' ਸਾਹਿਬ ਤੁਠੈ ਜੋ ਮਿਲੈ ॥
('ਕਰਾਮਾਤਿ' ਅਸੁੱਧ) —ਪਉੜੀ ੨੩, ਸਲੋਕ ਨੰ: ੧

ਸੋ ਕਰੇ 'ਜਿ' ਤਿਸੈ ਰਜਾਇ ॥ ('ਜੋ' ਅਸੁੱਧ) —ਪਉੜੀ ੨੪

ਜਿਸ ਲਾਗੀ ਪੀਰ 'ਪਿਰੰਮ' ਕੀ ਸੋ ਜਾਣੈ ਜਰੀਆ ॥
('ਪ੍ਰੇਮ' ਅਸੁੱਧ) —ਛੱਕਾ ਦੂਜਾ

ਜਨ ਨਾਨਕ ਕਉ ਹਰਿ ਕ੍ਰਿਪਾ ਕਰਿ ਨਿਤ ਜਪੈ 'ਹਰਿਨਾਮੁ 'ਹਰਿਨਾਮਿ' ਤਰਾਵੈ
('ਹਰਿਨਾਮ' ਇਕ ਵਾਰ ਅਸੁੱਧ) ੨੧ਵਾਂ ਛੱਕਾ

੧੭ਵੇਂ ਛੱਕੇ ਵਿਚ ਅਤੇ ਦਸਵੀਂ ਪਉੜੀ ਦੇ ਦੂਜੇ ਸਲੋਕ ਵਿਚ ਪਾਠ 'ਨੂੰ' ਨਹੀਂ, ਸਗੋਂ 'ਨੋ' ਹੈ। ਇਸੇ ਤਰ੍ਹਾ ੧੨ਵੇਂ ਛੱਕੇ ਵਿਚ ਅਤੇ ੨੧ਵੀਂ ਪਉੜੀ ਦੇ ਪਹਿਲੇ ਸਲੋਕ ਵਿਚ 'ਕਾਂਢਿਆ' ਤੇ 'ਕਾਂਢੀਐ' ਦੋਹੀਂ ਥਾਈਂ ਙੰਨੇ ਨਾਲ ਬਿੰਦੀ ਹੈ, ਪਰ ਅਸੀਂ ਪਾਠ ਕਰਨ ਵੇਲੇ ਕਈ ਵਾਰ ਬਿੰਦੀ ਦਾ ਧਿਆਨ ਨਹੀਂ ਕਰਦੇ।

www.AKJ.Org

ਫਿਰ ਛੇਵੀਂ ਪਉੜੀ ਦੇ ਪਹਿਲੇ ਸਲੋਕ ਅਤੇ ੧੫ਵੀਂ ਪਉੜੀ ਦੇ ਦੂਜੇ ਸਲੋਕ ਵਿਚ 'ਜਾਰਾ' ਤੇ 'ਜਾਰੀਆ' ਪਾਠ ਹੈ, ਪਰ 'ਯਾਰਾ' ਤੇ ਯਾਰੀਆ' ਨਹੀਂ; ਸੋ ਇਹ ਪਾਠ ਅਸਾਂ ਜੱਜੇ ਨਾਲ ਕਰਨੇ ਹਨ।

'ਬਿਹਾਰੀ' ਦੀ ਥਾਂ 'ਸਿਹਾਰੀ' ਦੀ ਅਸੁੱਧ ਵਰਤੋਂ:—

ਪੰਖੀ 'ਭਉਦੀਆ' ਲੈਨਿ ਨ ਸਾਹ ॥
('ਭਉਦਿਆਂ' ਅਸੁੱਧ) ਪਉੜੀ ੫, ਸਲੋਕ ਨੰ: ੨

ਹਉ ਮੂਰਖ ਕਾਰੈ 'ਲਾਈਆ' ਨਾਨਕ ਹਰਿ ਕੰਮੇ ॥
('ਲਾਇਆ' ਅਸੁੱਧ) ਛੱਕਾ ੭ਵਾਂ

ਜਿਨਾ ਗੁਰਬਾਣੀ ਮਨਿ 'ਭਾਈਆ' ਅੰਮ੍ਰਿਤਿ ਛਕਿ ਛਕੇ ॥
(ਭਾਇਆ' ਅਸੁੱਧ) ਛੱਕਾ ੮ਵਾਂ

'ਸਿਹਾਰੀ' ਦੀ ਥਾਂ 'ਬਿਹਾਰੀ' ਦੀ ਅਸੁੱਧ ਵਰਤੋਂ:—

ਸਤਿਗੁਰਿ 'ਮਿਲਿਐ' ਸਚੁ ਪਾਇਆ ਜਿਨੀ ਵਿਚਹੁ ਆਪ ਗਵਾਇਆ ॥
('ਮਿਲੀਐ' ਅਸੁੱਧ) ਪਉੜੀ ੪

'ਪਇਐ' ਕਿਰਤਿ ਨਚੈ ਸਭੁ ਕੋਇ ॥
('ਪਈਐ' ਅਸੁੱਧ) ਪਉੜੀ ੫, ਸਲੋਕ ਨੰ: ੨

ਨਾਉ ਤੇਰਾ ਨਿਰੰਕਾਰੁ ਹੈ 'ਨਾਇ' 'ਲਇਐ' ਨਰਕਿ ਨ ਜਾਈਐ ॥
['ਨਾਉ' 'ਲਈਐ' ਅਸੁੱਧ] ਪਉੜੀ ੫

ਨਾਨਕ ਫਿਕੈ 'ਬੋਲਿਐ' ਤਨੁ ਮਨੁ ਫਿਕਾ ਹੋਇ ॥
['ਬੋਲੀਐ' ਅਸੁੱਧ] ਪਉੜੀ ੨੦, ਸਲੋਕ ਨੰ: ੧

ਜਿਤੁ 'ਸੇਵਿਐ' ਸੁਖੁ ਪਾਈਐ ਸੋ ਸਾਹਿਬੁ ਸਦਾ ਸਮਾਲੀਐ ॥
('ਸੇਵੀਐ' ਅਸੁੱਧ) ਪਉੜੀ ੨੧

ਇਸੇ ਤਰ੍ਹਾਂ 'ਸੀਸ ਨਿਵਾਇਐ', 'ਨਾਇ ਮੰਨਿਐ', 'ਨਾਮਿ ਲਇਐ', 'ਗੁਰੁ ਬ੍ਰਾਹਮਣ ਥਿਆ' ਆਦਿ ਵਿਚ ਸਿਹਾਰੀ ਹੈ, ਬਿਹਾਰੀ ਨਹੀਂ। ਕਈ ਥਾਂ 'ਭੀ'ਦੀ ਥਾਂ ਸਿਹਾਰੀ ਨਾਲ 'ਭਿ' ਪਾਠ ਹੈ, ਪਰ ਅਸੀਂ ਭੁਲੇਖੇ ਵਿਚ 'ਭੀ' ਅਸੁੱਧ ਪਾਠ ਕਰੀ ਜਾਂਦੇ ਹਾਂ।

ਕਈ ਥਾਈਂ ਦੁਲੈਂਕੜ ਹੁੰਦਾ ਹੈ, ਪਰ ਅਸੀਂ ਉਥੇ ਔਂਕੜ ਪੜ੍ਹ ਜਾਂਦੇ ਹਾਂ, ਜਿਵੇਂ—'ਊਪਜੈ' ਦੀ ਥਾਂ 'ਉਪਜੈ', 'ਊਚਰਹਿ' ਦੀ ਥਾਂ 'ਉਚਰਹਿ' ਅਤੇ 'ਸੂਚੇ ਇਹ ਨ' ਦੀ ਥਾਂ 'ਸੁਚੇ ਏਹਿ ਨ' ਆਦਿ।

ਹਉਮੈ ਕਿਥਹੁ 'ਊਪਜੈ' ਕਿਤੁ ਸੰਜਮਿ ਇਹ ਜਾਇ ॥

www.AKJ.Org

['ਉਪਜੇ' ਅਸ਼ੁੱਧ]–ਪਉੜੀ ੭ ਸਲੋਕ ਨੰ: ੨

'ਸੂਚੇ' ਏਹਿ ਨ ਆਖੀਅਹਿ...'ਸੂਚੇ' ਸੇਈ ਨਾਨਕਾ...

['ਸੁਚੇ' ਅਸ਼ੁੱਧ]–ਪਉੜੀ ੧੭ ਸਲੋਕ ਨੰ: ੨

ਜਿਤੁ ਮੁਖਿ ਨਾਮੁ ਨ 'ਊਚਰਹਿ' ਬਿਨੁ ਨਾਵੈ ਰਸ ਖਾਹਿ ॥

['ਉਚਰਹਿ' ਅਸ਼ੁੱਧ]–ਪਉੜੀ ੧੯, ਸਲੋਕ ਨੰ: ੧

ਰਲਦੇ ਮਿਲਦੇ ਭੁਲੇਖੇ:–

ਗੁਰਮੁਖਿ ਰੰਗਿ ਚਲੂਲਿਆ ਮੇਰਾ 'ਮਨੁ ਤਨੋ' ਭਿੰਨਾ ॥] ਛਕਾ ਪਹਿਲਾ

ਹਰਿ ਹਰਿ ਹੀਰਾ ਰਤਨੁ ਹੈ ਮੇਰਾ 'ਮਨੁ ਤਨੁ' ਵਿਧਾ ॥] ਛੱਕਾ ਪੰਜਵਾਂ

ਹਰਿਨਾਮੁ ਸਲਾਹਹ 'ਦਿਨੁ ਰਾਤਿ' ਏਹਾ ਆਸ ਅਧਾਰੋ ॥] ਛੱਕਾ ੧੧ਵਾਂ

ਹਮਿ ਭੂਲਿ ਵਿਗਾੜਹ'ਦਿਨਸੁ ਰਾਤਿ' ਹਰਿ ਲਾਜ ਰਖਾਇ॥] ਛੱਕਾ ੧੨ਵਾਂ

ਪਉੜੀ ੯ ਦੇ ਦੂਜੇ ਸਲੋਕ ਵਿਚ 'ਬਸਤ੍ਰ ਨ ਪਹਿਰੈ' ਹੈ, ਪਰ ਪਉੜੀ ੧੬ ਦੇ ਦੂਜੇ ਸਲੋਕ ਵਿਚ 'ਨੀਲ ਵਸਤ੍ਰ ਪਹਿਰਿ' ਹੈ, ਇਕ ਥਾਈਂ 'ਬਸਤ੍ਰ' ਤੇ ਦੂਜੀ ਥਾਈਂ 'ਵਸਤ੍ਰ' ਹੈ।

੨੩ਵੇਂ ਛੱਕੇ ਦੀ ਚੌਥੀ ਤੁੱਕ ਹੈ–'ਜਨ ਨਾਨਕ ਨਾਮੁ ਧਿਆਇਆ ਹਰਿ ਰਖਣਹਾਰਾ।' ਪਰ ਅਸੀਂ ਇਸ ਤੁਕ ਵਿਚ 'ਤਿਨ ਹਰਿ ਰਖਣਹਾਰਾ ਪੜ੍ਹ ਜਾਂਦੇ ਹਾਂ। ਇਸ ਤਰ੍ਹਾਂ 'ਤਿਨ' ਕੋਲੋਂ ਹੀ ਵਾਧੂ ਵਧਾ ਲੈਂਦੇ ਹਾਂ।

'ਦੁਲਾਵਾਂ' ਦੀ ਥਾਂ 'ਲਾਂ' ਪੜ੍ਹਨ ਦੀ ਭੁੱਲ ਤਾਂ ਅਸੀਂ ਆਮ ਕਰਦੇ ਹਾਂ। ਜਿਵੇਂ 'ਸਭ ਤੈ ਸੂਤਕ' ਦੀ ਥਾਂ 'ਸਭ ਤੇ ਸੂਤਕ', 'ਸਚੈ ਸਭਿ ਤਾਣਿ ਸਚੈ ਸਭਿ ਜੋਰਿ' ਦੀ ਥਾਂ 'ਸਚੇ ਸਭਿ ਤਾਣਿ ਸਚੇ ਸਭਿ ਜੋਰਿ', 'ਕੋ ਰਹੈ ਨ ਭਰੀਐ ਪਾਈਐ' ਦੀ ਥਾਂ 'ਕੋ ਰਹੇ ਨ ਭਰੀਏ ਪਾਈਏ' ਆਦਿਕ। ਇਸ ਤਰ੍ਹਾਂ ਭੁਲੇਖਾ ਲੱਗਣ ਵਾਲੇ ਦੁਲਾਵਾਂ ਦੇ ਅੱਖਰ ਆਸਾ ਦੀ ਵਾਰ ਵਿਚ ੩੫੦ ਦੇ ਕਰੀਬ ਹਨ, ਜੋ ਧਿਆਨ ਯੋਗ ਹਨ। ਨਮੂਨੇ ਮਾਤਰ ਕੁਝ ਸ਼ਬਦ ਹੇਠਾਂ ਦਿੱਤੇ ਜਾਂਦੇ ਹਨ:–

ਆਪਣੈ, ਖੇਤੈ, ਆਪੀਨੈ, ਸਾਜੀਐ, ਸਭਸੈ, ਜਾਣੈ,ਹਸੈ, ਰੋਵੈ, ਆਖੀਐ, ਸੁਣੀਐ, ਜਾਈਐ, ਆਈਐ, ਘਾਲੀਐ, ਨਿਹਾਲੀਐ, ਉਪਾਇ ਕੈ, ਹੋਇ ਕੈ ਆਦਿ।

ਕਈ ਵਾਰ ਅਸੀਂ ਇਕ 'ਲਾਂ' ਬੋਲ ਜਾਂਦੇ ਹਾਂ। ਜਿਵੇਂ 'ਸਚੇ' ਤੇਰੇ ਖੰਡ 'ਸਚੇ' ਬ੍ਰਹਮੰਡ, ਦਰਿ ਸੋਹਨਿ ਕੀਰਤਿ 'ਗਾਵਦੇ', ਦਰਿ ਢੋਅ ਨ ਲਹਨੀ 'ਧਾਵਦੇ', ਅਣਹੋਦਾ ਆਪੁ 'ਗਣਾਇਦੇ' ਆਦਿ ਵਿਚ ਪੁਠੇ ਕਾਮਿਆਂ ਵਾਲੇ ਸ਼ਬਦਾਂ ਦਾ 'ਇਕ ਲਾਂ' ਨਾਲ ਸ਼ੁੱਧ ਪਾਠ ਹੈ।

ਆਸਾ ਦੀ ਵਾਰ ਦੇ ਅਰੰਭ ਵਿਚ ਹੈ–

'ਸਲੋਕ ਭੀ ਮਹਲੇ ਪਹਿਲੇ ਕੇ ਲਿਖੇ ਟੁੰਡੇ ਅਸਰਾਜੈ ਕੀ ਧੁਨੀ' ॥

www.AKJ.Org

ਅਸੀਂ ਇਸ ਦਾ ਬਿਸ੍ਰਾਮ ਕਈ ਵਾਰ ਅਗੇ ਪਿਛੇ ਕਰ ਕੇ ਐਉਂ ਉਚਾਰਨ ਕਰ ਜਾਂਦੇ ਹਾਂ—

ਸਲੋਕ ਭੀ ਮਹਲੇ ਪਹਿਲੇ ਕੇ, ਲਿਖੇ ਟੁੰਡੇ ਅਸਰਾਜੈ ਕੀ ਧੁਨੀ ॥

ਪਰ ਇਹ ਅਸੁੱਧ ਹੈ, ਕਿਉਂਕਿ 'ਲਿਖੇ' ਸ਼ਬਦ ਦਾ ਸੰਬੰਧ 'ਟੁੰਡੇ ਅਸਰਾਜੈ ਕੀ ਧੁਨੀ' ਨਾਲ ਨਹੀਂ, ਸਗੋਂ 'ਮਹਲੇ ਪਹਿਲੇ ਕੇ ਸਲੋਕ' ਨਾਲ ਹੈ।

ਕੇਵਲ 'ਆਸਾ ਦੀ ਵਾਰ' ਵਿਚ ਹੀ ਨਹੀਂ, ਸਮੁੱਚੀ ਗੁਰਬਾਣੀ ਦੇ ਪਾਠ ਤੇ ਕੀਰਤਨ ਵੇਲੇ, ਇਸ ਤਰ੍ਹਾਂ ਦੇ ਕਈ ਅਸੁੱਧ ਪਾਠ ਸਾਡੇ ਕੰਠ ਹੋ ਰਹੇ ਹਨ; ਜਿਨ੍ਹਾਂ ਤੋਂ ਬਚਣ ਲਈ ਗੁਰਸਿਖ ਪਿਆਰਿਆਂ ਪਾਸ ਜੋਦੜੀ ਹੈ ਕਿ ਉਹ ਸਮੇਂ ਸਮੇਂ ਅਜਿਹੀਆਂ ਸੁਧਾਈਆਂ ਭੇਜਦੇ ਰਹਿਣ; ਜਿਨ੍ਹਾਂ ਤੋਂ ਅਸੀਂ ਬੱਚ ਸਕੀਏ।

---

# ਮਾਸਕ ਰੈਣ ਸਬਾਈ ਕੀਰਤਨ ਸਮਾਗਮ

ਗੁਰਪੁਰਵਾਸੀ ਮਾ: ਜੋਗਿੰਦਰ ਸਿੰਘ ਜੀ ਬੜੂੰਦੀ ਵਾਲਿਆਂ ਦੇ ਉਤਮ ਉਤਸ਼ਾਹ ਨਾਲ ਮਿਤੀ ੨੪-੩-੫੯ ਤੋਂ ਮਾਸਕ ਰੈਣ ਸਬਾਈ ਕੀਰਤਨ ਪਰੋਗ੍ਰਾਮ ਜ਼ਿਲਾ ਲੁਧਿਆਨਾ ਅਤੇ ਸੰਗਰੂਰ ਜ਼ਿਲੇ ਦੀਆਂ ਤਹਿਸੀਲਾਂ ਮਲੇਰ ਕੋਟਲਾ ਅਤੇ ਬਰਨਾਲਾ ਦੇ ਨਗਰਾਂ ਵਿਖੇ ਚਲ ਰਿਹਾ ਹੈ, ਸੋ ਇਸ ਲੜੀ ਦਾ ਫਰਵਰੀ ਮਹੀਨੇ ਦਾ ਸਮਾਗਮ ਮਿਤੀ ੨੬-੨-੬੬ ਅਤੇ ੨੭-੨-੬੬ ਦੀ ਵਿਚਕਾਰਲੀ ਰਾਤ ਨੂੰ ਬਰਨਾਲਾ ਵਿਖੇ ਹੋ ਚੁਕਾ ਹੈ। ਹੁਣ ਮਹੀਨਾ ਮਾਰਚ ਦਾ ਰੈਣ ਸਬਾਈ ਕੀਰਤਨ ਸਮਾਗਮ ੨੬-੩-੬੬ ਅਤੇ ੨੭-੩-੬੬ ਦੀ ਵਿਚਕਾਰਲੀ ਰਾਤ ਨੂੰ ਪਿੰਡ ਸਾਲਾਰ, ਤਹਿਸੀਲ ਮਲੇਰਕੋਟਲਾ ਜ਼ਿਲਾ ਸੰਗਰੂਰ ਵਿਖੇ ਹੋਣਾ ਨੀਯਤ ਹੋਇਆ ਹੈ। ਆਪ ਜੀ ਪ੍ਰਵਾਰ ਸਹਿਤ ਦਰਸ਼ਨ ਬਖਸ਼ ਕੇ ਗੁਰੂ ਮਹਾਰਾਜ ਦੀਆਂ ਖੁਸ਼ੀਆਂ ਪ੍ਰਾਪਤ ਕਰੋ।

ਨੋਟ:—ਪਿੰਡ ਸਾਲਾਰ, ਨਾਭੇ ਤੋਂ ਮਲੇਰਕੋਟਲੇ ਨੂੰ ਜਾਣ ਵਾਲੀ ਸੜਕ ਤੇ ਅੱਡਾ ਮਾਹੋਰਾਣਾ ਤੋਂ ਸਿਰਫ ਇਕ ਮੀਲ ਦੀ ਵਿਥ ਤੇ ਹੈ।

ਪੁਛ ਗਿਛ ਲਈ
ਮਾਸਟਰ ਉਜਾਗਰ ਸਿੰਘ
ਪਿੰਡ ਫਰਵਾਲੀ; ਡਾਕ ਘਰ ਲੋਹਟਬੱਦੀ
ਜ਼ਿਲਾ ਸੰਗਰੂਰ

www.AKJ.Org

## ਅਖੰਡ ਕੀਰਤਨੀ ਜੱਥਾ ਪਟਿਆਲਾ ਵਲੋਂ

# ਜ਼ਰੂਰੀ ਬੇਨਤੀ

ਸਮੂੰਹ ਅਖੰਡ ਕੀਰਤਨੀ ਜਥਿਆਂ ਨੂੰ ਵਿਦਤ ਕੀਤਾ ਜਾਂਦਾ ਹੈ ਕਿ ਜੱਥੇ ਵਿਚ ਤਿਆਰ-ਬਰ-ਤਿਆਰ ਸੁਭਾਗੀ ਜੋੜੀਆਂ ਦੇ ਸ਼ੁਭ ਅਨੰਦ ਕਾਰਜਾਂ ਦੇ ਪਵਿੱਤਰ ਜੋੜ-ਮੇਲ ਲਈ ਜੋ ਅੱਜ ਕਲ੍ਹ ਤਕਲੀਫ਼ਾਂ ਤੇ ਮੁਸ਼ਕਲਾਂ ਜਥੇ ਦੇ ਬੱਚੇ-ਬੱਚੀਆਂ ਦੇ ਮਾਤਾ ਪਿਤਾ ਨੂੰ ਆ ਰਹੀਆਂ ਹਨ, ਉਨ੍ਹਾਂ ਨੂੰ ਮੁਖ ਰਖ ਕੇ ਇਸ ਪਰਚੇ ਰਾਹੀਂ ਬੇਨਤੀ ਕੀਤੀ ਜਾਂਦੀ ਹੈ ਕਿ ਉਨ੍ਹਾਂ ਬੱਚੇ-ਬੱਚੀਆਂ ਦੇ ਮਾਤਾ ਪਿਤਾ ਜਾਂ ਕੋਈ ਜ਼ਿਮੇਂਵਾਰ ਸਜਣ ਹੇਠ ਲਿਖੇ ਫ਼ਾਰਮ ਨੂੰ ਭਰ ਕੇ ਮੈਨੇਜਰ 'ਸੂਰਾ', ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ ਨੂੰ ਭੇਜਣ ਦੀ ਕਿਰਪਾਲਤਾ ਕਰਨਾ, ਤਾਕਿ ਗੁਰਮੁਖ ਪਿਆਰੇ ਇਸ ਪਰਚੇ ਤੇ ਭਰੇ ਫਾਰਮ ਰਾਹੀਂ ਆਪਣੇ ਆਪ ਹੀ ਆਪਸ ਵਿਚ ਮੇਲ-ਜੋਲ ਕਰ ਸਕਣ ਅਤੇ ਇਹ ਕਾਰਜ ਭਲੀ ਭਾਂਤ ਸਿਰੇ ਚਾੜ੍ਹ ਸਕਣ।

ਨੋਟ:–ਰਿਸ਼ਤੇ ਨਾਤੇ ਕਰਨ ਵਾਲਿਆਂ ਗੁਰਮੁਖ ਪਿਆਰਿਆਂ ਦੇ ਚਰਨਾਂ ਵਿਚ ਬੇਨਤੀ ਹੈ ਕਿ ਹੇਠ ਲਿਖੀਆਂ ਗੁਰਬਾਣੀ ਦੀਆਂ ਤੁਕਾਂ ਤੇ ਹੁਕਮਾਂ ਦਾ ਜ਼ਿਆਦਾ ਤੋਂ ਜ਼ਿਆਦਾ ਪਾਲਣ ਦਾ ਜਤਨ ਤੇ ਭੈ ਅਦਬ ਰਖਣ ਤਾਕਿ ਅਸੀਂ ਪੂਰਨ ਗੁਰਮਤਿ ਤੇ ਚਲ ਕੇ ਸਤਿਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰ ਸਕੀਏ–

(੧) ਹਮਰੀ ਜਾਤਿ ਪਾਤਿ ਗੁਰੁ ਸਤਿਗੁਰੁ ਹਮ ਵੇਚਓ ਸਿਰੁ ਗੁਰ ਕੇ ॥
(੨) ਏਕੁ ਪਿਤਾ ਏਕਸ ਕੇ ਹਮ ਬਾਰਿਕ ਤੂ ਮੇਰਾ ਗੁਰ ਹਾਈ ॥
(੩) ਖਾਲਸਾ ਮੇਰੀ ਜਾਤ ਅਰ ਪਤ ॥
[੪] ਹੋਰ ਮਨਮੁਖ ਦਾਜੁ ਜਿ ਰਖਿ ਦਿਖਾਲਹਿ ਸੁ ਕੂੜੁ ਅਹੰਕਾਰੁ ਕਚੁ ਪਾਜੋ ॥

[ਭਾ: ਮਹਿੰਦਰ ਸਿੰਘ ਪਟਿਆਲਾ]

| ਨਾਮ ਭੁਝੰਗੀ/ਭੁਝੰਗਣ | ਉਮਰ | ਵਿਦਿਆ ਤੇ ਹੋਰ ਗੁਣ | ਕੰਮ ਕਾਜ ਕਿਰਤ | ਪਿਤਾ ਦਾ ਨਾਮ ਤੇ ਪੂਰਾ ਪਤਾ | ਹੋਰ ਵਾਧੂ ਗੱਲ |
|---|---|---|---|---|---|
| | | | | | |

www.AKJ.Org

# ਚੰਡੀਗੜ੍ਹ ਵਿਖੇ ਸਾਲਾਨਾ ਹੋਲਾ ਮਹੱਲਾ

## ਕੀਰਤਨ ਸਮਾਗਮ

ਸਚਖੰਡ ਨਿਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੇ ਪਰੇਮੀ ਅਖੰਡ ਕੀਰਤਨੀ ਜਥੇ ਗੁਰਦਵਾਰਾ ਸਾਹਿਬ ਸੈਕਟਰ ੧੯-ਡੀ. ਵਿਚ ਹੇਠ ਲਿਖੇ ਵਾਰਸ਼ਿਕ ਕੀਰਤਨ ਪਰੋਗਰਾਮ ਤੇ ਦਰਸ਼ਨ ਦੇ ਰਹੇ ਹਨ :-

| | |
|---|---|
| ੫-੩-੬੬ | ਸਵੇਰੇ ੫ ਵਜੇ ਤੋਂ ੧੧ ਵਜੇ ਤਕ। |
| | ਸ਼ਾਮ ਨੂੰ ੭ ਤੋਂ ੯ ਵਜੇ ਤਕ। |
| ੬-੩-੬੬ | ਸਵੇਰੇ ੫ ਵਜੇ ਤੋਂ ੧ ਵਜੇ ਤਕ। |

## ਰੈਣ-ਸਬਾਈ ਕੀਰਤਨ

ਸ਼ਾਮ ਨੂੰ ੮ ਵਜੇ ਆਰੰਭ ਹੋ ਕੇ ੭ ਮਾਰਚ ਨੂੰ ਸਵੇਰੇ ੯ ਵਜੇ ਸਮਾਪਤ ਹੋਵੇਗਾ।

ਆਪ ਜੀ ਪਰਵਾਰ ਸਾਹਿਤ ਦਰਸ਼ਨ ਬਖਸ਼ਕੇ ਮਹਾਰਾਜ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰੋ

ਨੋਟ :-(੧) ਬਿਸਤਰੇ ਲੋੜ ਅਨੁਸਾਰ ਲਿਆਉਣ ਦੀ ਕਿਰਪਾਲਤਾ ਕਰਨੀ।

(੨) ਅੰਮ੍ਰਿਤ ਸੰਚਾਰ ਸ਼ਾਮ ਨੂੰ ਚਾਰ ਬਜੇ ੬-੩-੬੬ ਨੂੰ ਅਰੰਭ ਹੋਵੇਗਾ।

(੩) ਰਿਹਾਇਸ਼ ਦਾ ਪ੍ਰਬੰਧ ਗੁਰਦਵਾਰਾ ਸਾਹਿਬ ਸੈਕਟਰ ੧੯-ਡੀ ਦੇ ਨੇੜੇ ਕੀਤਾ ਜਾਵੇਗਾ।

ਪੁਛ ਗਿਛ ਲਈ
**ਹਰਚਰਨ ਸਿੰਘ**
ਮਕਾਨ ਨੰਬਰ 3032,
ਸੈਕਟਰ 19-ਡੀ.
ਚੰਡੀਗੜ੍ਹ।

ਆਪ ਜੀ ਦੇ ਚਰਨ ਸੇਵਕ
**ਨਿਰਬਾਣ ਕੀਰਤਨੀ ਜੱਥਾ**
**ਚੰਡੀਗੜ੍ਹ।**

www.AKJ.Org

ਕਲਿਜੁਗ ਮਹਿ ਕੀਰਤਨ ਪ੍ਰਧਾਨਾ ॥
ਗੁਰਮੁਖ ਜਪੀਐ ਲਾਇ ਧਿਆਨਾ ॥

# ਕੀਰਤਨ ਸਮਾਗਮ

ਸਨਿਮਰ ਬੇਨਤੀ ਹੈ ਕਿ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੇ ਅਖੰਡ ਕੀਰਤਨੀ ਜਥੇ ਤਬਾ ਪਟਿਆਲਾ, ਜਲੰਧਰ, ਅੰਮ੍ਰਿਤਸਰ, ਅੰਬਾਲਾ, ਚੰਡੀਗੜ੍ਹ ਤੇ ਲੁਧਿਆਣਾ, ੧੭, ੧੮, ਤੇ ੧੯ ਮਾਰਚ ੧੯੬੬ ਹੇਠ ਲਿਖੇ ਪਰੋਗਰਾਮ ਅਨੁਸਾਰ ਪਿੰਡ ਡਾਲੋ ਮਾਜਰਾ (ਰਾਜਪੁਰਾ ਸਰਹੰਦ ਸੜਕ ਤੇ) ਵਿਖੇ ਹਰਿਜਸ ਕੀਰਤਨ ਦੀਆਂ ਘੁਮਰਾਂ ਪਾਉਣਗੇ। ਆਪ ਜੀ ਸਾਹਿਤ ਪਰਵਾਰ, ਸੰਗੀ ਸਾਥੀਆਂ ਦੇ ਦਰਸ਼ਨ ਦੇ ਕੇ ਕ੍ਰਿਤਾਰਥ ਕਰੋ ਜੀ।

ਅੰਮ੍ਰਿਤ ਪ੍ਰਚਾਰ ਸਨਿਚਰਵਾਰ ਦੋ ਵਜੇ ਸ਼ੁਰੂ ਹੋਵੇਗਾ।

## ☬ ਪਰੋਗਰਾਮ ਕੀਰਤਨ ਸਮਾਗਮ ☬

੧੭-੩-੬੬ ਵੀਰਵਾਰ ਅੰਮ੍ਰਿਤ ਵੇਲੇ ਸ੍ਰੀ ਆਸਾ ਜੀ ਦੀ ਵਾਰ ਤੇ ਅਰੰਭ ਅਖੰਡ ਪਾਠ।

੧੯-੩-੬੬ ਸ਼ਨੀਚਰਵਾਰ ਅੰਮ੍ਰਿਤ ਵੇਲੇ ਭੋਗ ਸ੍ਰੀ ਅਖੰਡ ਪਾਠ ਤੇ ਕੀਰਤਨ ਆਸਾ ਦੀ ਵਾਰ।

੧੯-੩-੬੬ **ਕੀਰਤਨ ਰੈਣ ਸਬਾਈ** ਸ਼ਾਮ ਨੂੰ ੮ ਵਜੇ ਸ਼ੁਰੂ ਹੋ ਕੇ ੨੦-੩-੬੬ ਦਿਨ ਐਤਵਾਰ ਅੰਮ੍ਰਿਤ ਵੇਲੇ ਸਮਾਪਤੀ ਹੋਵੇਗੀ।

ਨੋਟ-ਪਿੰਡ ਡਾਲੋ ਮਾਜਰਾ, ਰਾਜਪੁਰਾ ਤੋਂ ਸਰਹੰਦ ਵਾਲੀ ਸੜਕ ਤੇ ੯ ਮੀਲ ਤੇ ਹੈ।

੨. ਡਾਲੋ ਮਾਜਰਾ ਸਰਹੰਦ ਤੋਂ ਰਾਜਪੁਰਾ ਵਾਲੀ ਸੜਕ ਤੇ ੭ ਮੀਲ ਤੇ ਹੈ।

੩. ਰੇਲ ਗੱਡੀ ਤੇ ਆਉਣ ਵਾਲੀ ਸੰਗਤ ਸਾਧੂ ਗੜ੍ਹ ਸਟੇਸ਼ਨ ਤੇ ਉਤਰੇ ਤੇ ਫਿਰ ਜੀ. ਟੀ. ਰੋਡ ਰਾਜਪੁਰੇ ਦੀ ਤਰਫ਼ ਡੇਢ ਮੀਲ ਨੂੰ ਜਾਵੇ।

ਚਰਨ ਧੂੜ ਦੇ ਜਾਚਕ-

**ਸੰਗਤ ਪਿੰਡ ਡਾਲੋ ਮਾਜਰਾ**

www.AKJ.Org

# ਅਖੰਡ ਕੀਰਤਨ ਪ੍ਰੋਗਰਾਮ

ਗੁਰਪੁਰਵਾਸੀ ਭਾਈ ਸਾਹਿਬ ਭਾ: ਰਣਧੀਰ ਸਿੰਘ ਜੀ ਦੇ ਪਟਿਆਲਾ ਨਿਵਾਸੀ ਅਖੰਡ ਕੀਰਤਨੀ ਜੱਥੇ ਦਾ ਮਹੀਨਾ ਮਾਰਚ ੧੯੬੬ ਦਾ ਹਫਤਾਵਾਰੀ ਕੀਰਤਨੀ ਪਰੋਗ੍ਰਾਮ:–

| ਮਿਤੀ | ਥਾਂ ਤੇ ਪੂਰਾ ਪਤਾ |
|---|---|
| ੬-੩-੧੯੬੬ | ਗੁਰਦਵਾਰਾ ਸਾਹਿਬ ਸੈਕਟਰ ੧੯–ਡੀ ਚੰਡੀਗੜ੍ਹ। ਸਾਲਾਨਾ ਕੀਰਤਨਸਮਾਗਮ |
| ੧੩-੩-੧੯੬੬ | ਬੀਬੀ ਅਮਰਜੀਤ ਕੌਰ ਜੀ K–੩/੧੩ ਮਾਡਲ ਟਾਊਨ ਦਿੱਲੀ–੯ |
| ੧੯-੩-੧੯੬੬ | ਪਿੰਡ ਡਾਲੋ ਮਾਜਰਾ, ਸਾਲਾਨਾ ਕੀਰਤਨ ਸਮਾਗਮ |
| ੨੬-੩-੧੯੬੬ | ਰੈਣ ਸਬਾਈ ਕੀਰਤਨ ਸਮਾਗਮ ਨਾਭਾ। |

ਨੋਟ:–ਹਰ ਇਕ ਸਮਾਗਮ ਤੇ ਗੁਰਪੁਰਵਾਸ਼ੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਰਚਿਤ ਪੁਸਤਕਾਂ ਮਿਲ ਸਕਦੀਆਂ ਹਨ।

ਅਖੰਡ ਕੀਰਤਨੀ ਜੱਥਾ
ਪਟਿਆਲਾ

www.AKJ.Org

# ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਵਿਸਾਖੀ

## ਸਚਖੰਡ ਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੇ
## ਸਮੂੰਹ ਕੀਰਤਨੀ ਜੱਥਿਆਂ ਵਲੋਂ

# *** ਸਾਲਾਨਾ ਸਮਾਗਮ ***

ਸਮੂੰਹ ਸੰਗਤਾਂ ਦੇ ਚਰਨਾਂ ਵਿਖੇ ਬਿਨੈ ਹੈ ਕਿ ਐਤਕੀ ਸ੍ਰੀ ਸਤਿਗੁਰੂ ਜੀ ਦੀ ਅਪਾਰ ਬਖ਼ਸ਼ਸ਼ ਦੁਆਰਾ, ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਵਿਸਾਖੇ-ਪੁਰਬ ਦੇ ਸਾਲਾਨਾ ਸਮਾਗਮ ਮਨਾਏ ਜਾਣੇ ਜਥੇ ਵਲੋਂ ਨੀਯਤ ਹੋਏ ਹਨ। ਧੰਨ ਭਾਗ !

੧੦ ਅਪਰੈਲ ੧੯੬੬ ਐਤਵਾਰ ਸ਼ਾਮ ਤੋਂ ਅਰੰਭ ਹੋ ਕੇ ੧੪ ਅਪਰੈਲ ਵੀਰਵਾਰ ਸਵੇਰ ਤਕ ਕੀਰਤਨ-ਸਮਾਗਮ, ਸ੍ਰੀ ਅਖੰਡਪਾਠ-ਸਮਾਗਮ ਅਤੇ ਰੈਨ-ਸਬਾਈ ਕੀਰਤਨ ਹੋਣਗੇ। ਸ੍ਰੀ ਹਰਿਮੰਦਰ ਸਾਹਿਬ ਅਤੇ ਮੰਜੀ ਸਾਹਿਬ (ਗੁਰੂ ਕੇ ਬਾਗ) ਵਿਖੇ ਵੀ ਹਾਜ਼ਰੀਆਂ ਭਰਨ ਦੇ ਪਰੋਗਰਾਮ ਨੀਯਤ ਕੀਤੇ ਜਾ ਰਹੇ ਹਨ। ਵੇਰਵੇ ਸਹਿਤ ਪਰੋਗਰਾਮ ਡਾਕ ਰਾਹੀਂ ਛੇਤੀ ਹੀ ਸੰਗਤਾਂ ਨੂੰ ਭੇਜੇ ਜਾਣਗੇ।

### ਸਮਾਗਮ-ਅਸਥਾਨ

ਘਿਓ ਮੰਡੀ ਦਰਵਾਜ਼ੇ ਦੇ ਅੰਦਰ, ਚੌਕ ਬਜ਼ਾਰ ਪੇਟੀਆਂ ਵਾਲਾ, ਅੰਮ੍ਰਿਤਸਰ
ਮਕਾਨ ਸਰਦਾਰ ਮੁੰਦਰ ਸਿੰਘ ਚਾਹ ਵਾਲਿਆਂ ਦੇ।

ਰਿਹਾਇਸ਼ ਅਤੇ ਲੰਗਰ ਦੇ ਪਰਬੰਧ ਵੀ ਇਸ ਅਸਥਾਨ ਦੇ ਲਾਗੇ ਹੋਣਗੇ।

ਸਮੂੰਹ ਪਿਆਰਿਆਂ ਦੇ ਚਰਨਾਂ ਵਿਚ ਪ੍ਰੀਤੀ-ਪਰੇਰਨਾ ਹੈ ਕਿ ਚਿਰਾਂ ਪਿਛੋਂ ਇਸ ਗੁਰੂ ਕੀ ਮਹਾਨ ਨਗਰੀ ਵਿਖੇ ਜਥੇ ਵਲੋਂ ਇਹ ਸਾਲਾਨਾ ਸਮਾਗਮ ਜੁੜ ਰਹੇ ਹਨ, ਇਸ ਲਈ ਹੁਮ-ਹੁਮਾ ਕੇ ਪਰਵਾਰਾਂ ਸਹਿਤ ਦਰਸ਼ਨ ਬਖਸ਼ੋ ਅਤੇ ਪਰਵਾਨਗੀਆਂ ਭੇਜ ਕੇ ਸੇਵਕਾਂ ਦੇ ਹੌਸਲੇ ਵਧਾਓ। ਨਾਲ ਹੀ ਜੋਦੜੀ ਹੈ ਕਿ ਇਹਨਾਂ ਤਰੀਕਾਂ ਵਿਚ ਵੱਖ ਵੱਖ ਸ਼ਹਿਰਾਂ ਦੇ ਜਥਿਆਂ ਵਲੋਂ ਹੋਰ ਕਿਤੇ ਵੀ ਕੋਈ ਪਰੋਗਰਾਮ ਨਾ ਰਖੇ ਜਾਣ, ਸਗੋਂ ਸਮੂੰਹ ਪਿਆਰੇ ਸ੍ਰੀ ਅੰਮ੍ਰਿਤਸਰ ਵਿਖੇ ਪੁਜਣ ਤੇ ਗੁਰੂ ਪਾਤਸ਼ਾਹ ਦੀਆਂ ਖੁਸ਼ੀਆਂ ਪ੍ਰਾਪਤ ਕਰਨ।

ਪੁੱਛ-ਗਿਛ ਲਈ—

੧. ਸਿੰਘ ਬ੍ਰਾਦਰਜ਼, ਮਾਈ ਸੇਵਾਂ, ਅੰਮ੍ਰਿਤਸਰ।
੨. ਖ਼ਾਲਸਾ ਬ੍ਰਦਰਜ਼, ਮਾਈ ਸੇਵਾਂ, ਅੰਮ੍ਰਿਤਸਰ।

ਆਪ ਜੀ ਦੇ ਚਰਨ ਸੇਵਕ—
ਅਖੰਡ ਕੀਰਤਨੀ ਜਥਾ, ਸ੍ਰੀ ਅੰਮ੍ਰਿਤਸਰ

www.AKJ.org

www.AKJ.org

www.AKJ.Org

# ਭਾਈ ਸਾਹਿਬ ਰਣਧੀਰ ਸਿੰਘ ਜੀ ਰਚਿਤ ਪੁਸਤਕਾਂ

| | |
|---|---|
| ੧. ਜੇਲ੍ਹ ਚਿੱਠੀਆਂ | ੫-੦੦ |
| ੨. ਗੁਰਮਤ ਨਾਮ ਅਭਿਆਸ ਕਮਾਈ | ੨-੫੦ |
| ੩. ਗੁਰਮਤ ਲੇਖ | ੨-੫੦ |
| ੪. ਝਟਕਾ ਮਾਸ ਪ੍ਰਥਾਇ ਤੱਤ ਗੁਰਮਤ ਨਿਰਣਯ | ੧-੫੦ |
| ੫. ਗੁਰਮਤ ਬਿਬੇਕ | ੩-੦੦ |
| ੬. ਸਚਖੰਡ ਦਰਸ਼ਨ | ੦-੭੫ |
| ੭. ਕੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪੂਜਾ ਬੁਤ ਪ੍ਰਸਤੀ ਹੈ ? | ੧-੦੦ |
| ੮. ਅਨਹਦ ਸ਼ਬਦ ਦਸਮ ਦੁਆਰ | ੨-੫੦ |
| ੯. ਗੁਰਮਤ ਸੱਚ ਨਿਰਣੈ | ... ... |
| ੧੦. ਕਥਾ ਕੀਰਤਨ | ੨-੫੦ |
| ੧੧. ਰੰਗਲੇ ਸਜਣ | ੨-੫੦ |
| ੧੨. ਗੁਰਬਾਣੀ ਲਗਾਂ ਮਾਤ੍ਰਾਂ ਦੀ ਵਿਲੱਖਣਤਾ | ... ... |
| ੧੩. ਅਣਡਿਠੀ ਦੁਨੀਆਂ | ੩-੦੦ |
| ੧੪. ਦਰਸ਼ਨ ਝਲਕਾਂ | ੧-੫੦ |
| ੧੫. ਸੰਤ ਪਦ ਨਿਰਣਯ | ੧-੫੦ |
| ੧੬. ਗੁਰਮਤ ਕਰਮ ਫ਼ਿਲਾਸਫ਼ੀ | ... ... |
| ੧੭. ਗੁਰਮਤ ਪ੍ਰਕਾਸ਼ | ੧-੫੦ |
| ੧੮. ਚਰਨ ਕਮਲ ਕੀ ਮਉਜ | ੦-੭੫ |
| ੧੯. ਅੰਮ੍ਰਿਤ ਕਲਾ | ... ... |
| ੨੦. ਅੰਮ੍ਰਿਤ ਕੀ ਹੈ ? | ੦-੩੦ |
| ੨੧. ਸੁਪਨਾ | ੦-੨੫ |
| ੨੨. ਜੋਤ ਵਿਗਾਸ | ... ... |
| ੨੩. ਬਾਬਾ ਵੈਦ ਰੋਗੀਆਂ ਦਾ | ੦-੧੨ |
| ੨੪. ਸਿੱਖ ਕੌਣ ਹੈ ? | ੦ |
| ੨੫. ਆਸਤਕ ਨਾਸਤਕ | |
| ੨੬. ਕੋ ਵਿਰਲਾ ਗੁਰਮਤ ਚਲੈ ਜੀਉ | |
| ੨੭. ਸਚੀਆਂ ਦਾੜ੍ਹੀਆਂ | |
| ੨੮. ਗੁਰਮਤ ਰਮਜ਼ਾਂ | |
| ੨੯. ਜ਼ਾਹਰਾ ਜ਼ਹੂਰ ਗੁਰੂ ਗੋਬਿੰਦ | |
| ੩੦. ਸਿੰਘਾਂ ਦਾ ਪੰਥ ਨਿਰਾਲਾ | |
| ੩੧. ਅਦ੍ਰਿਸ਼ਟ ਵਾਹਿਗੁਰੂ ਦੇ ਪ੍ਰਤਖ ਦਰਸ਼ਨ | |
| ੩੨. ਵਾਹਿਗੁਰੂ ਸਿਮਰਣ | |
| ੩੩. ਗਯਾਨ ਚਾਨਣਾ | |
| ੩੪. ਹਉਮੈ ਨਾਮੈ ਨਾਲ ਵਿਰੋਧ | |
| ੩੫. ਸਿਖੀ ਸਿਦਕ | |
| ੩੬. ਗੁਰਮਤਿ ਵੀਚਾਰ | |
| ੩੭. ਅੰਮ੍ਰਿਤ ਕੀਰਤਨ | |
| ੩੮. ਰਾਗ ਮਾਲਾ ਨਿਰਣਯ | |
| ੩੯. ਸੁਖਮਨਾ ਸਾਹਿਬ | |

ਚਿੱਠੀ ਪੱਤਰ ਕਰਨ ਦਾ ਪਤਾ —

**ਰਣਜੀਤ ਸਿੰਘ ਪਬਲਿਕ ਹੈਲਥ**

ਡਵੀਜ਼ਨ ਪਟਿਆਲਾ

ਪੁਸਤਕਾਂ ਮੰਗਵਾਣ ਦਾ ਪਤ

**ਅਖੰਡ ਕੀਰਤਨੀ**

ਪਟਿਆਲਾ

www.AKJ.Org